# ਅਨੁਲਗ - 4

## ਸਟਾੱਕ ਬ੍ਰੋਕਰ, ਸਬ-ਬ੍ਰੋਕਰ ਅਤੇ ਗਾਹਕਾਂ ਦੇ ਅਧਿਕਾਰ ਅਤੇ ਜਿੰਮੇਵਾਰੀਆਂ

***SEBI ਅਤੇ ਸਟਾੱਕ ਐਕਸਚੇਂਜ ਵਿੱਚ ਨਿਰਦੇਸ਼ਿਤ ਮੁਤਾਬਕ***

1. ਗਾਹਕ ਐਕਸਚੇਂਜਾਂ/ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆੱਫ ਇੰਡੀਆ (SEBI) ਅਤੇ ਉਹਨਾਂ ਹੇਠ ਸਮੇਂ ਸਮੇਂ 'ਤੇ ਜਾਰੀ ਕੀਤੇ ਗਏ ਸਰਕੂਲਰ/ਨੋਟਿਸਾਂ ਦੇ ਨਿਯਮਾਂ, ਉਪ ਨਿਯਮਾਂ ਅਤੇ ਉਹਨਾਂ ਦੇ ਵਿਧਾਨਾਂ ਵਿੱਚ ਪਰਿਭਾਸ਼ਿਤ ਕੀਤੇ ਗਏ ਨਿਯਮਾਂ ਦੇ ਮੁਤਾਬਕ ਉਹਨਾਂ ਸਕਿਓਰਟੀਜ਼/ਕੋਨਟ੍ਰੈਕਟਸ/ਹੋਰ ਇਨਸਟਰੂਮੇਂਟਸ ਵਿੱਚ, ਜੋ ਐਕਸਚੇਂਜਾਂ ਵਿੱਚ ਸੌਦੇ ਲਈ ਦਾਖਲ ਕੀਤੇ ਗਏ ਹਨ।

2. ਸਟਾੱਕ ਬ੍ਰੋਕਰ, ਸਬ-ਬ੍ਰੋਕਰ ਅਤੇ ਗਾਹਕ, ਐਕਸਚੇਂਜ ਦੇ ਨਿਯਮਾਂ,ਉਪਨਿਯਮਾਂ ਅਤੇ ਉਹਨਾਂ ਦੇ ਵਿਧਾਨਾਂ ਅਤੇ ਉਹਨਾਂ ਹੇਠ ਸਮੇਂ ਸਮੇਂ 'ਤੇ ਜਾਰੀ ਕੀਤੇ ਗਏ ਸਰਕੂਲਰ/ਨੋਟਿਸਾਂ ਅਤੇ ਸਮੇਂ ਸਮੇਂ ਤੇ ਜਾਰੀ SEBI ਦੇ ਨਿਯਮਾਂ ਅਤੇ ਵਿਧਾਨਾਂ ਦੁਆਰਾ ਅਤੇ ਸਰਕਾਰੀ ਅਧਿਕਾਰੀਆਂ ਦੇ ਢੁੱਕਵੇਂ ਨੋਟੀਫਿਕੇਸ਼ਨਸ ਨਾਲ ਬੱਝੇ ਹੋਣਗੇ ।

3. ਸਟਾੱਕ ਬ੍ਰੋਕਰ ਸਕਿਓਰਟੀਜ਼/ਜਾਂ ਡੈਰਿਵੇਟਿਵਸ ਕੋਨਟ੍ਰੈਕਟਸ ਵਿੱਚ ਸੌਦਾ ਕਰਨ ਦੀ ਸਮਰੱਥਾ ਬਾਰੇ ਆਪਣੇ ਆਪ ਨੂੰ ਸੰਤੁਸ਼ਟ ਕਰੇਗਾ ਅਤੇ ਸਟਾੱਕ ਬ੍ਰੋਕਰ ਰਾਹੀਂ ਆਰਡਰ ਤੇ ਅਮਲ ਦੀ ਇੱਛਾ ਰੱਖਦਿਆਂ ਗਾਹਕ ਸਮੇਂ ਸਮੇਂ ਤੇ ਸਟਾੱਕ ਬ੍ਰੋਕਰ ਰਾਹੀਂ ਆਰਡਰ ਤੇ ਅਮਲ ਤੋਂ ਪਹਿਲਾਂ ਸਟਾੱਕ ਬ੍ਰੋਕਰ ਦੀ ਐਸੀ ਸਮਰੱਥਾ ਬਾਰੇ ਆਪਣੇ ਆਪ ਨੂੰ ਸੰਤੁਸ਼ਟ ਕਰਨਾ ਜਾਰੀ ਰੱਖੇਗਾ।

4. ਸਟਾੱਕ ਬ੍ਰੋਕਰ ਗਾਹਕ ਦੀ ਅਸਲੀਅਤ ਅਤੇ ਆਰਥਿਕ ਦ੍ਰਿੜਤਾ ਅਤੇ ਪ੍ਰਦਾਨ ਕੀਤੀ ਜਾਣ ਵਾਲੀਆਂ ਸੇਵਾਵਾਂ ਪ੍ਰਤਿ ਢੁੱਕਵੇਂ ਨਿਵੇਸ਼ ਮੰਤਵਾਂ ਬਾਰੇ ਆਪਣੇ ਆਪ ਨੂੰ ਸੰਤੁਸ਼ਟ ਕਰਨਾ ਜਾਰੀ ਰੱਖੇਗਾ।

5. ਸਟਾੱਕ ਬ੍ਰੋਕਰ ਕਾਰੋਬਾਰ ਕਰਨ ਲਈ ਸਟਾੱਕ ਬ੍ਰੋਕਰ ਦੀ ਦੇਣਦਾਰੀ ਦੇ ਅਤੇ ਸੁਭਾਅ ਬਾਰੇ ਗਾਹਕ ਨੂੰ ਜਾਣੂ ਕਰਾਉਣ ਲਈ ਕਦਮ ਚੁੱਕੇਗਾ, ਕਿਸੇ ਵੀ ਤਰਾਂ ਦੀਸੀਮਾਵਾਂ ਸਮੇਤ, ਦੇਣਦਾਰੀਆਂ ਅਤੇ ਸਮਰਥਾ ਦੇ ਜਿਸ ਵਿੱਚ ਸਟਾੱਕ ਬ੍ਰੋਕਰ ਕੰਮ ਕਰਦਾ ਹੈ।

6. ਗਾਹਕ/ਗਾਹਕਾਂ ਦੇ ਨਾਲ ਸਾਰੇ ਸੌਦਿਆਂ ਵਿੱਚ ਸਬ-ਬ੍ਰੋਕਰ ਸਟਾੱਕ ਬ੍ਰੋਕਰ ਨੂੰ ਜਰੂਰੀ ਸਹਾਇਤਾ ਪ੍ਰਦਾਨ ਕਰੇਗਾ ਅਤੇ ਉਸ ਨੂੰ ਸਹਿਯੋਗ ਦੇਵੇਗਾ।

### ਗਾਹਕ ਜਾਣਕਾਰੀ

7. ਗਾਹਕ, ਸਹਾਇਕ ਵੇਰਵਿਆਂ ਦੇ ਨਾਲ, 'ਖਾਤਾ ਖੋਲ੍ਹਣ ਵਾਲੇ ਫਾਰਮ' ਦੇ ਅੰਦਰ ਸਟਾੱਕ ਬ੍ਰੋਕਰ ਦੀ ਜ਼ਰੂਰਤ ਮੁਤਾਬਕ ਸਾਰਾ ਐਸਾ ਵੇਰਵਾ ਸੰਪੂਰਨ ਤੌਰ ਤੇ ਪ੍ਰਦਾਨ ਕਰੇਗਾ, ਜੋ ਕਿ ਸਮੇਂ ਸਮੇਂ ਤੇ ਸਟਾੱਕ ਐਕਸਚੇਂਜ/SEBI ਵੱਲੋਂ ਲਾਜ਼ਮੀ ਕੀਤਾ ਗਿਆ ਹੈ।

8. ਗਾਹਕ ਆਪਣੇ ਆਪ ਨੂੰ ਖਾਤਾ ਖੋਲ੍ਹਣ ਦੇ ਦਸਤਾਵੇਜ਼ਾਂ ਵਿੱਚ ਜ਼ਰੂਰੀ ਪ੍ਰਯੋਜਨਾਂ ਦੇ ਨਾਲ ਜਾਣੂ ਕਰਾਏਗਾ। ਸਟਾੱਕ ਬ੍ਰੋਕਰ ਵੱਲੋਂ ਨਿਰਦੇਸ਼ਿਤ ਕੋਈ ਵੀ ਵਾਧੂ ਧਾਰਾਵਾਂ ਜਾਂ ਦਸਤਾਵੇਜ਼ ਗਾਹਕ ਵੱਲੋਂ ਸਵੀਕਾਰ ਕੀਤੇ ਨਿਯਮਾਂ ਅਤੇ ਸ਼ਰਤਾਂ ਮੁਤਾਬਕ ਗੈਰ-ਜ਼ਰੂਰੀ ਹੋਣਗੇ।

9. ਖਾਤਾ ਖੋਲ੍ਹਣ ਸਮੇਂ ਅਤੇ ਬਾਅਦ ਵਿੱਚ ਪ੍ਰਦਾਨ ਕੀਤੇ ਦਸਤਾਵੇਜ਼ਾ ਦੇ ਮੁਤਾਬਕ ਜੇ 'ਖਾਤਾ ਖੋਲ੍ਹਣ ਵਲੇ ਫਾਰਮ' ਦੇ ਵਿੱਚ ਜਾਣਕਾਰੀ ਦੇ ਅੰਦਰ ਕੋਈ ਤਬਦੀਲੀ ਹੁੰਦੀ ਹੈ ਤਾਂ ਗਾਹਕ ਝੱਟ ਹੀ ਸਟਾੱਕ ਬ੍ਰੋਕਰ ਨੂੰ ਸੂਚਿਤ ਕਰੇਗਾ, ਜਿਸ ਵਿੱਚ ਸ਼ਾਮਿਲ ਹੈ ਯਾਚਨਾ ਦਾ ਸਮੇਟਨਾ/ਦਿਵਾਲੀਆਪਣ ਦੀ ਯਾਚਨਾ ਜਾਂ ਕੋਈ ਵੀ ਮੁੱਕਦਮਾ ਜਿਸ ਦਾ ਉਸ ਦੀ ਸਮਰਥਾ 'ਤੇ ਦ੍ਰਵੀ ਹਵਾਲਾ ਹੋ ਸਕਦਾ ਹੈ। ਗਾਹਕ ਨਿਯਤ ਸਮੇਂ ਤੇ ਸਟਾੱਕ ਬ੍ਰੋਕਰ ਨੂੰ ਆਰਥਿਕ ਜਾਣਕਾਰੀ ਪ੍ਰਦਾਨ/ਅਪਡੇਟ ਕਰੇਗਾ।

10. ਸਟਾੱਕ ਬ੍ਰੋਕਰ ਅਤੇ ਸਬ-ਬ੍ਰੋਕਰ ਖਾਤਾ ਖੋਲ੍ਹਣ ਵਾਲੇ ਫਾਰਮ ਵਿੱਚ ਦੱਸੇ ਮੁਤਾਬਕ ਗਾਹਕ ਦਾ ਸਾਰਾ ਵੇਰਵਾ ਜਾਂ ਗਾਹਕ ਸੰਬੰਧੀ ਹੋਰ ਕੋਈ ਜਾਣਕਾਰੀ ਨੂੰ ਗੁਪਤ ਰੱਖੇਗਾ ਅਤੇ ਉਸ ਵਿਅਕਤੀ/ਅਧਿਕਾਰੀ ਨਾਲ ਸਾਂਝੀ ਨਹੀਂ ਕਰੇਗਾ, ਸਿਵਾਇ ਇਸ ਦੇ ਜੇ ਇਸ ਦੀ ਲੋੜ ਕਾਨੂੰਨੀ/ਨਿਯਾਮਕਾਂ ਲੋੜਾਂ ਹੇਠ ਲੋੜੀਂਦੀ ਹੈ। ਬਸ਼ਰਤੇ ਕਿ ਸਟਾੱਕ ਬ੍ਰੋਕਰ ਆਪਣੇ ਗਾਹਕ ਦੀ ਜਾਣਕਾਰੀ ਕਿਸੇ ਵਿਅਕਤੀ/ਅਧਿਕਾਰੀ ਨਾਲ ਗਾਹਕ ਦੀ ਸਹਿਮਤੀ ਦੇ ਨਾਲ ਸਾਂਝੀ ਕਰੇ।

**ਮਾਰਜਿਨ**

11. ਗਾਹਕ ਲਾਗੂ ਸ਼ੁਰੁਆਤੀ ਮਾਰਜਿਨ,ਧਾਰਨ ਕੀਤੇ ਮਾਰਜਿਨ, ਸਪੈਸ਼ਲ ਮਾਰਜਿਨ ਜਾਂ ਐਸੇ ਹੋਰ ਮਾਰਜਿਨ ਭਰੇਗਾ ਜੋ ਸਟਾੱਕ ਬ੍ਰੋਕਰ ਜਾਂ ਐਕਸਚੇਂਜ ਦੁਆਰਾ ਜ਼ਰੂਰੀ ਸਮਝੇ ਜਾਂਦੇ ਹਨ ਜਾਂ ਫੇਰ ਸਮੇਂ ਸਮੇਂ ਤੇ SEBI ਵੱਲੋਂ ਜਾਰੀ ਨਿਰਦੇਸ਼ਾਂ ਮੁਤਾਬਕ ਹਨ ਜੋ ਉਹਨਾਂ ਹਿੱਸਿਆਂ ਨਾਮ ਸੰਬੰਧਿਤ ਹਨ ਜਿਸ ਵਿੱਚ ਗਾਹਕ ਵਪਾਰ ਕਰਦਾ ਹੈ। ਸਟਾੱਕ ਬ੍ਰੋਕਰ ਨੂੰ ਆਪਣੇ ਇੱਕਲੇ ਅਤੇ ਸੰਪੂਰਨ ਵਿਵੇਕ ਵਿੱਚ ਪ੍ਰਵਾਨਗੀ ਹੈ ਕਿ ਉਹ ਵਧੇਰੇ ਮਾਰਜਿਨ ਇੱਕਠਾ ਕਰੇ (ਭਾਵੇਂ ਇਸ ਦੀ ਲੋੜ ਐਕਸਚੇਂਜ,ਕਲੀਏਰਿੰਗ ਹਾਉਜ਼/ਕਲੀਏਰਿੰਗ ਨਿਗਮ ਜਾਂ SEBI ਵੱਲੋਂ ਨਹੀਂ ਹੈ), ਅਤੇ ਇਹ ਗਾਹਕ ਦੀ ਜਿੰਮੇਵਾਰੀ ਹੋਵੇਗੀ ਕਿ ਉਹ ਸਮੇਂ ਸਿਰ ਐਸੇ ਮਾਰਜਿਨ ਦਾ ਭੁਗਤਾਨ ਕਰੇ।

12. ਗਾਹਕ ਸਮਝਦਾ ਹੈ ਕਿ ਗਾਹਕ ਵੱਲੋਂ ਮਾਰਜਿਨ ਦੇ ਭੁਗਤਾਨ ਦਾ ਮਤਲਬ ਜ਼ਰੂਰੀ ਨਹੀਂ ਇਹ ਹੈ ਕਿ ਸਾਰੀਆਂ ਦੇਣਦਾਰੀਆਂ ਦੀ ਸੰਪੂਰਨ ਤੌਰ ਤੇ ਸੰਤੁਸ਼ਟੀ ਹੋਈ ਹੈ। ਲਗਾਤਾਰ ਮਾਰਜਿਨ ਦੇ ਭੁਗਤਾਨ ਦੇ ਬਾਵਜੂਦ, ਗਾਹਕ ਨੂੰ, ਉਸ ਦੇ ਵਪਾਰ ਦੇ ਸੈਟਲਮੈਂਟ 'ਤੇ, ਕੌਨਟ੍ਰੈਕਟ ਦੇ ਜ਼ੋਰ ਜਾਂ ਲੋੜ ਦੇ ਮੁਤਾਬਕ ਐਸੀ ਵਾਧੂ ਰਕਮ ਭਰਨ (ਜਾਂ ਪ੍ਰਾਪਤ ਕਰਨ ਦਾ ਅਧਿਕਾਰ)ਲਈ ਜਿੰਮੇਵਾਰ ਹੋ ਸਕਦਾ ਹੈ।

**ਲੈਣ-ਦੇਣ ਅਤੇ ਸੈਟਲਮੈਂਟ (ਨਿਪਟਾਰਾ)**

13. ਕਿਸੇ ਵੀ ਸਕਿਓਰਟੀ/ਡੈਰਿਵੇਟਿਵ ਕੌਨਟ੍ਰੈਕਟ ਦੀ ਖਰੀਦਾਰੀ ਦੇ ਆਰਡਰ ਨੂੰ ਗਾਹਕ ਲਿਖਤੀ ਰੂਪ ਵਿੱਚ, ਜਾਂ ਫੇਰ ਐਸੇ ਰੂਪ ਜਾਂ ਢੰਗ ਵਿੱਚ ਦੇਵੇਗਾ ਜਿਸ ਦੀ ਗਾਹਕ ਅਤੇ ਸਟਾੱਕ ਬ੍ਰੋਕਰ ਵਿਚਕਾਰ ਆਪਸੀ ਸਹਿਮਤੀ ਹੋਵੇ। ਸਟਾੱਕ ਬ੍ਰੋਕਰ ਇਹ ਯਕੀਨੀ ਕਰੇ ਕਿ ਕੇਵਲ ਉਸ ਗਾਹਕ ਨੂੰ ਸਪੁਰਦ ਯੁਨਿਕ ਕਲਾਏਂਟ ਕੋਡ ਵਿੱਚ ਆਰਡਰ ਕਰੇ ਅਤੇ ਗਾਹਕ ਦੇ ਵਪਾਰ ਨੂੰ ਅਮਲ ਵਿੱਚ ਲਿਆਏ।

14. ਸਟਾੱਕ ਬ੍ਰੋਕਰ ਗਾਹਕ ਨੂੰ ਸਮੇਂ ਸਮੇਂ ਤੇ ਵਪਾਰ/ਸੈਟਲਮੈਂਟ ਸਾਇਕਲ, ਡਲਿਵਰੀ/ਭੁਗਤਾਨ ਸ਼ਡਿਯੂਲ ਬਾਰੇ ਸੂਚਿਤ ਕਰੇਗਾ ਅਤੇ ਜਾਣਕਾਰੀ ਦੇਵੇਗਾਂ ਅਤੇ ਗਾਹਕ ਦੀ ਵੀ ਇਹ ਜਿੰਮੇਵਾਰੀ ਹੋਵੇਗੀ ਕਿ ਉਹ ਢੁੱਕਵੇਂ ਸਟਾੱਕ ਐਕਸਚੇਂਜ ਦੇ ਸ਼ਡਿਯੂਲ/ਪ੍ਰਕਿਰਿਆ ਦਾ ਅਮਲ ਕਰੇ ਜਿੱਥੇ ਵਪਾਰ ਕੀਤਾ ਗਿਆ।

15. ਸਟਾੱਕ ਬ੍ਰੋਕਰ ਇਹ ਯਕੀਨੀ ਕਰੇਗਾ ਕਿ ਗਾਹਕ ਵੱਲੋਂ ਜਮ੍ਹਾ ਕੀਤੀ ਰਕਮ/ਸਕਿਓਰਟੀ ਨੂੰ ਇੱਕ ਵੱਖ ਖਾਤੇ ਵਿੱਚ ਰੱਖਿਆ ਜਾਵੇ, ਆਪਣੇ ਜਾਂ ਕਿਸੇ ਹੋਰ ਗਾਹਕ ਦੇ ਖਾਤੇ ਤੋਂ ਵੱਖ, ਅਤੇ ਇਸ ਦਾ ਇਸਤੇਮਾਲ ਸਟਾੱਕ ਬ੍ਰੋਕਰ ਵੱਲੋਂ ਖੁਦ ਲਈ ਜਾਂ ਕਿਸੇ ਹੋਰ ਗਾਹਕ ਜਾਂ ਕਿਸੇ ਹੋਰ ਮਕਸਦ ਲਈ ਨਾ ਹੋਵੇ ਸਿਵਾਏ ਉਹਨਾਂ ਮਕਸਦਾਂ ਦੇ ਜੋ SEBI ਦੇ ਨਿਯਮ,

ਵਿਧਾਨ, ਸਰਕੂਲਰ, ਨੋਟਿਸ, ਸੇਧਾਂ ਅਤੇ/ਜਾਂ ਐਕਸਚੇਂਜ ਦੇ ਨਿਯਮ, ਵਿਧਾਨ, ਉਪ-ਨਿਯਮ, ਸਰਕੂਲਰ ਅਤੇ ਨੋਟਿਸਾਂ ਵਿੱਚ ਦੱਸਿਆ ਗਿਆ ਹੈ।

16. ਜਿੱਥੇ ਐਕਸਚੇਂਜ ਆਪਣੇ ਹੀ ਮਤੇ ਤੇ ਵਪਾਰ ਰੱਦ ਕਰਦਾ ਹੈ ਤਾਂ ਐਸੇ ਸਾਰੇ ਵਪਾਰ, ਉਹਨਾਂ ਵਪਾਰਾਂ ਸਮੇਤ ਜੋ ਗਾਹਕ ਦੇ ਵੱਲੋਂ ਕੀਤੇ ਜਾ ਰਹੇ ਹਨ, ਇਹ ਰੱਦ ਮੰਨੇ ਜਾਣਗੇ, ਸਟਾੱਕ ਬ੍ਰੋਕਰ ਨੂੰ ਗਾਹਕ/ਗਾਹਕਾਂ ਦੇ ਨਾਲ ਕ੍ਰਮਵਾਰ ਕੌਨਟ੍ਰੈਕਟ ਰੱਦ ਕਰਨ ਦਾ ਅਧਿਕਾਰ ਹੋਵੇਗਾ।

17. ਐਕਸਚੇਂਜ ਉਪਰ ਕੀਤੇ ਲੈਣ-ਦੇਣ ਵਪਾਰ ਕਰਨ ਲਈ ਐਕਸਚੇਂਜ ਹੇਠ ਜਾਰੀ ਕੀਤੇ ਨਿਯਮ, ਉਪ-ਨਿਯਮ ਅਤੇ ਵਿਧਾਨ ਅਤੇ ਸਰਕੂਲਰ/ਨੋਟਿਸ ਦੇ ਅਧੀਨ ਹਨ ਅਤੇ ਐਸੇ ਵਪਾਰ ਪ੍ਰਤਿ ਸਾਰੀਆਂ ਧਿਰਾਂ ਨੇ ਐਸੀ ਅਦਾਲਤ ਦੇ ਅਧਿਕਾਰ ਖੇਤਰ ਦੇ ਅਧੀਨ ਹੋਣਾ ਹੈ ਜੋ ਕਿ ਐਕਸਚੇਂਜਸ ਦੇ ਉਪ-ਨਿਯਮ ਅਤੇ ਵਿਧਾਨ ਦੁਆਰਾ ਨਿਰਦੇਸ਼ਿਤ ਹੋਵੇ ਜਿੱਥੇ ਵਪਾਰ ਤੇ ਅਮਲ ਹੋਇਆ ਸੀ, ਅਜਿਹਾ ਐਕਸਚੇਂਜਾਂ ਦੇ ਨਿਯਮ, ਉਪ-ਨਿਯਮ ਅਤੇ ਵਿਧਾਨ ਅਤੇ ਉਸ ਹੇਠ ਜਾਰੀ ਕੀਤੇ ਸਰਕੂਲਰ/ਨੋਟਿਸ ਦੇ ਪ੍ਰਯੋਜਨਾਂ ਨੂੰ ਅਮਲ ਦੇਣ ਦੇ ਮਕਸਦ ਲਈ ਜਰੂਰੀ ਹੁੰਦਾ ਹੈ।

**ਬ੍ਰੋਕਰੇਜ**

18. ਗਾਹਕ ਸਟਾੱਕ ਬ੍ਰੋਕਰ ਨੂੰ ਬ੍ਰੋਕਰੇਜ ਅਤੇ ਵਿਧਾਨਿਕ ਖਰਚ ਭਰੇਗਾ ਜੋ ਸਮੇਂ ਸਮੇਂ ਤੇ ਮੌਜੂਦ ਹੁੰਦੇ ਹਨ ਅਤੇ ਜਿਸ ਤਰ੍ਹਾਂ ਉਹ ਗਾਹਕ ਦੇ ਖਾਤੇ, ਲੈਣ-ਦੇਣ ਅਤੇ ਉਹਨਾਂ ਸੇਵਾਵਾਂ ਨੂੰ ਲਾਗੂ ਹੁੰਦੇ ਹਨ ਜੋ ਸਟਾੱਕ ਬ੍ਰੋਕਰ ਗਾਹਕ ਨੂੰ ਦਿੰਦੇ ਹੈ। ਸਟਾੱਕ ਬ੍ਰੋਕਰ ਨੇ ਉਹ ਵੱਧ ਤੋਂ ਵੱਧ ਬ੍ਰੋਕਰੇਜ ਚਾਰਜ ਨਹੀਂ ਕਰਨਾ ਹੈ ਜੋ ਕਿ ਢੁੱਕਵੇਂ ਸਟਾੱਕ ਐਕਸਚੇਂਜ ਦੇ ਨਿਯਮ, ਵਿਧਾਨ ਅਤੇ ਉਪ-ਨਿਯਮ ਅਤੇ/ਜਾਂ SEBI ਦੇ ਨਿਯਮ ਅਤੇ ਵਿਧਾਨ ਮੁਤਾਬਕ ਪ੍ਰਵਾਨਤ ਹੋਣ।

**ਲਿਕੁਇਡੇਸ਼ਨ (ਦਿਵਾਲਾ) ਅਤੇ ਪੋਜੀਸ਼ਨ ਤੋਂ ਬੰਦ ਕਰਨਾ**

19. ਸਟਾੱਕ ਬ੍ਰੋਕਰ ਦੇ ਦੂਸਰੇ ਅਧਿਕਾਰਾਂ ਦੇ ਪੱਖਪਾਤ ਕੀਤੇ ਬਿਨ੍ਹਾਂ (ਕਿਸੇ ਮਸਲੇ ਦੇ ਸਾਲਸੀ ਕਰਨ ਦੇ ਅਧਿਕਾਰ ਸਮੇਤ) ਗਾਹਕ ਸਮਝਦਾ ਹੈ ਕਿ ਮਾਰਜਿਨ ਜਾਂ ਹੋਰ ਰਕਮ, ਬਾਕੀ ਰਹਿੰਦਾ ਰਿਣ, ਆਦਿ ਦਾ ਭੁਗਤਾਨ ਨਾ ਹੋਣ ਦੇ ਮਾਮਲੇ ਵਿੱਚ ਸਟਾੱਕ ਬ੍ਰੋਕਰ ਨੂੰ ਅਧਿਕਾਰ ਹੈ ਕਿ ਉਹ ਗਾਹਕ ਦੀ ਕੋਈ ਜਾਂ ਸਾਰੀ ਪੋਜੀਸ਼ਨ ਲਿਕੁਇਡੇਟ/ਬੰਦ ਕਰ ਸਕੇ ਅਤੇ ਐਸੇ ਲਿਕੁਇਡੇਟ/ਬੰਦ ਕਰਨ ਵੱਜੋਂ ਆਈ ਰਕਮ ਨੂੰ, ਜੋ ਹੋਵੇ, ਗਾਹਕ ਦੀਆਂ ਦੇਣਦਾਰੀਆਂ/ਜਿੰਮੇਵਾਰੀਆਂ ਸਾਹਮਣੇ ਐਡਜਸਟ ਕਰੇ। ਐਸੇ ਲਿਕੁਇਡੇਟ/ਬੰਦ ਕਰਨ ਵੱਜੋਂ ਹੋਈ ਕੋਈ ਵੀ ਜਾਂ ਸਾਰੀ ਹਾਨੀ ਅਤੇ ਆਰਥਿਕ ਖਰਚ ਗਾਹਕ ਤੋਂ ਚਾਰਜ ਕੀਤੇ ਜਾਣਗੇ ਅਤੇ ਉਸ ਨੇ ਭਰਨੇ ਹਨ।

20. ਗਾਹਕ ਦੀ ਮੌਤ ਜਾਂ ਦਿਵਾਲੀਆਪਣ ਦੀ ਹਾਲਤ ਵਿੱਚ ਜਾਂ ਜੋ ਗਾਹਕ ਨੇ ਖਰੀਦਣ ਜਾਂ ਵੇਚਣ ਦੀ ਹਦਾਇਤ ਦਿੱਤੀ ਹੈ ਉਹ ਸਕਿਓਰਟੀਜ਼ ਨੂੰ, ਪ੍ਰਾਪਤ ਕਰਨ ਤੇ ਭਰਨ ਜਾਂ ਡਲਿਵਰ ਕਰਨ ਜਾਂ ਟ੍ਰਾਂਸਫਰ ਕਰਨ ਦੀ ਸਮਰੱਥਾ ਨਾ ਰਹਿਣ ਤੇ ਸਟਾੱਕ ਬ੍ਰੋਕਰ ਗਾਹਕ ਨਾਲ ਲੈਣ-ਦੇਣ ਬੰਦ ਕਰ ਸਕਦਾ ਹੈ ਅਤੇ ਹਾਨੀ ਲਈ, ਜੇ ਕੋਈ ਹੁੰਦੀ ਹੈ, ਤਾਂ ਗਾਹਕ ਦੀ ਜਾਇਦਾਦ ਵਿਰੁੱਧ ਦਾਅਵਾ ਕਰ ਸਕਦਾ ਹੈ।ਇਸ ਦੇ ਨਤੀਜੇ ਵੱਜੋਂ ਜੇ ਕੁੱਝ ਬਕਾਇਆ ਰਹਿ ਜਾਂਦਾ ਹੈ ਤਾਂ ਇਸ ਦਾ ਹੱਕਦਾਰ ਹੋਵੇਗਾ ਗਾਹਕ ਜਾਂ ਉਸ ਦੁਆਰਾ ਨਾਮਜਦ ਵਿਅਕਤੀ, ਵਾਰਸ, ਜਾਨਸ਼ੀਨ ਅਤੇ ਸਪੁਰਦਦਾਰ। ਗਾਹਕ ਇਸ ਦਾ ਖਿਆਲ ਰੱਖੇਗਾ ਕਿ ਨਾਮਜਦ ਵਿਅਕਤੀ ਦੇ ਹੱਕ ਵਿੱਚ ਫੰਡ/ਸਕਿਓਰਟੀ ਦਾ ਟ੍ਰਾਂਸਫਰ ਸਟਾੱਕ ਬ੍ਰੋਕਰ ਵੱਲੋਂ ਕਾਨੂੰਨੀ ਵਾਰਸ ਦੇ ਵਿਰੁੱਧ ਵੈਧ ਡਿਸਚਾਰਜ ਹੋਵੇਗਾ।

21. ਗਾਹਕ ਵੱਲੋਂ ਭੁਗਤਾਨ/ਡਲਿਵਰੀ ਅਤੇ ਸੰਬੰਧਿਤ ਪੱਖਾਂ ਵਿੱਚ ਉਕਾਈ ਬਾਰੇ ਜਾਣਕਾਰੀ ਨੂੰ ਸਟਾੱਕ ਬ੍ਰੋਕਰ ਢੁੱਕਵੇਂ ਐਕਸਚੇਂਜ ਦੇ ਧਿਆਨ ਵਿੱਚ ਲਿਆਵੇਗਾ। ਉਸ ਮਾਮਲੇ ਵਿੱਚ ਜਿੱਥੇ ਉਕਾਈ ਕਰ ਰਿਹਾ ਹੈ ਗਾਹਕ ਕਾਰਪੋਰੇਟ ਹਸਤੀ/

ਪਾਰਟਨਰਸ਼ਿਪ/ਪ੍ਰੋਪਰਾਈਟਰ ਕੰਪਨੀ ਹੈ ਜਾਂ ਹੋਰ ਕੋਈ ਵੀ ਨਕਲੀ ਕਾਨੂੰਨੀ ਹਸਤੀ ਹੈ ਤਾਂ ਮਾਮਲੇ ਮੁਤਾਬਕ ਡਾਇਰੈਕਟਰ/ਡਾਇਰੈਕਟਰਾਂ/ਪ੍ਰੋਮੋਟਰ/ਪ੍ਰੋਮੋਟਰਾਂ/ਪਾਰਟਨਰ/ਪਾਰਟਨਰਾਂ/ਪਰਾਈਟਰ/ਪਰਾਈਟਰਾਂ ਦੇ ਨਾਮ ਵੀ ਸਟਾੱਕ ਬ੍ਰੋਕਰ ਵੱਲੋਂ ਢੁੱਕਵੇਂ ਐਕਸਚੇਂਜ/ਐਕਸਚੇਂਜਾਂ ਨੂੰ ਸੂਚਿਤ ਕੀਤਾ ਜਾਵੇਗਾ।

**ਵਿਵਾਦ ਦਾ ਸਮਾਧਾਨ**

22. ਸਟਾੱਕ ਬ੍ਰੋਕਰ ਗਾਹਕ ਨੂੰ ਸੰਬੰਧਿਤ ਐਕਸਚੇਂਜ ਅਤੇ SEBI ਦਾ ਢੁੱਕਵਾਂ ਸੰਪਰਕ ਵੇਰਵਾ ਪ੍ਰਦਾਨ ਕਰੇਗਾ।

23. ਸਟਾੱਕ ਬ੍ਰੋਕਰ ਉਸ ਦੇ ਕੀਤੇ ਸਾਰੇ ਲੈਣ-ਦੇਣ ਸੰਬੰਧਿਤ ਗਾਹਕ ਦੇ ਰੋਸ ਦੇ ਸੁਧਾਰ ਲਈ ਅਤੇ ਸ਼ੇਅਰਸ ਦੀ ਖਰਾਬ ਡਲਿਵਰੀ ਲਈ ਸ਼ਿਕਾਇਤਾਂ ਕੱਢਣ ਵਿੱਚ, ਖਰਾਬ ਡਲਿਵਰੀ, ਆਦਿ ਠੀਕ ਕਰਨ ਵਿੱਚ ਸਹਿਯੋਗ ਦੇਵੇਗਾ।

24. ਡਿਪਾਜ਼ਿਟ, ਮਾਰਜਿਨ ਆਦਿ ਸੰਬੰਧਿਤ ਕੋਈ ਵੀ ਦਾਅਵੇ ਅਤੇ/ਜਾਂ ਵਿਵਾਦਾਂ ਨੂੰ ਗਾਹਕ ਅਤੇ ਸਟਾੱਕ ਬ੍ਰੋਕਰ ਸਾਲਸੀ ਫੈਸਲਾ ਉਸ ਐਕਸਚੇਂਜ/ਐਕਸਚੇਂਜਾਂ ਦੇ ਨਿਯਮ, ਉਪ-ਨਿਯਮ, ਵਿਧਾਨਾਂ ਤਹਿਤ ਕਰਨਗੇ ਜਿੱਥੇ ਵਪਾਰ ਹੋਇਆ ਹੈ ਅਤੇ ਉਸ ਹੇਠ ਸਮੇਂ ਸਮੇਂ ਤੇ ਲਾਗੂ ਰਹਿਣ ਵਾਲੇ ਸਰਕੁਲਰ/ਨੋਟਿਸ ਜਾਰੀ ਕੀਤੇ ਹੋਣਗੇ।

25. ਆਪਣੇ ਅਤੇ ਗਾਹਕ ਵਿਚਕਾਰ ਕੀਤੇ ਹੋਏ ਲੈਣ-ਦੇਣ ਵਿੱਚੋਂ ਉੱਠੀਆਂ ਕੋਈ ਵੀ ਸਾਲਸੀ ਕਾਰਵਾਈਆਂ ਦਾ ਸਟਾੱਕ ਬ੍ਰੋਕਰ ਛੇਤੀ ਨਿਪਟਾਰਾ ਕਰੇਗਾ ਅਤੇ ਐਸੀਆਂ ਕਾਰਵਾਈਆਂ ਵਿੱਚ ਦਿੱਤੇ ਸਾਲਸੀ ਅਮਲ ਪੂਰਾ ਕਰਨ ਦਾ ਜਿੰਮੇਵਾਰ ਹੋਵੇਗਾ।

26. ਗਾਹਕ/ਸਟਾੱਕ ਬ੍ਰੋਕਰ ਸਮਝਦਾ ਹੈ ਕਿ ਗਾਹਕ/ਸਟਾੱਕ ਬ੍ਰੋਕਰ ਦੇ ਵਿਵਾਦ ਦੇ ਸਮਾਧਾਨ ਲਈ, ਜੇ ਕੋਈ ਹੋਵੇ, ਤਾਂ ਕਿਸੇ ਅਧਿਕਾਰਿਤ ਪ੍ਰਤਿਨਿਧੀ ਵੱਲੋਂ ਦਿੱਤੀ ਹਦਾਇਤ ਗਾਹਕ/ਸਟਾੱਕ ਬ੍ਰੋਕਰ ਲਈ ਬੰਧਨਕਾਰੀ ਹੋਵੇਗੀ, ਉਸ ਪੱਤਰ ਮੁਤਾਬਕ ਜੋ ਦੱਸੇ ਪ੍ਰਤਿਨਿਧੀ ਨੂੰ ਦੱਸੇ ਗਾਹਕ/ਸਟਾੱਕ ਬ੍ਰੋਕਰ ਵੱਲੋਂ ਕੰਮ ਕਰਨ ਲਈ ਅਧਿਕਾਰਿਤ ਕਰਦਾ ਹੈ।

**ਸੰਬੰਧ ਖਤਮ ਕਰਨਾ**

27. ਸਟਾੱਕ ਬ੍ਰੋਕਰ ਅਤੇ ਗਾਹਕ ਵਿਚਕਾਰ ਸੰਬੰਧ ਖਤਮ ਹੋ ਜਾਵੇਗਾ, ਜੇ ਕਿਸੇ ਕਾਰਣ ਸਟਾੱਕ ਬ੍ਰੋਕਰ ਸਟਾੱਕ ਐਕਸਚੇਂਜ ਦਾ ਮੈਂਬਰ ਨਹੀਂ ਰਹਿੰਦਾ ਹੈ, ਜਿਸ ਵਿੱਚ ਸ਼ਾਮਿਲ ਹੈ ਸਟਾੱਕ ਬ੍ਰੋਕਰ ਦੀ ਉਕਾਈ, ਮੌਤ, ਅਸਤੀਫਾ ਜਾਂ ਕੱਢਣ ਕਾਰਣ ਮੈਂਬਰਸ਼ਿਪ ਖ਼ਤਮ ਜਾਏ ਜੇ ਬੋਰਡ ਵੱਲੋਂ ਸਰਟੀਫਿਕੇਟ ਰੱਦ ਕੀਤਾ ਜਾਂਦਾ ਹੈ।

28. ਸਟਾੱਕ ਬ੍ਰੋਕਰ, ਸਬ- ਬ੍ਰੋਕਰ ਅਤੇ ਗਾਹਕ ਨੂੰ ਇਸ ਅਧਿਕਾਰ ਹੋਵੇਗਾ ਕਿ ਉਹ ਦੂਸਰੀਆਂ ਪਾਰਟੀਆਂ ਨੂੰ ਘੱਟੋ ਘੱਟ ਇੱਕ ਮਹੀਨੇ ਦਾ ਲਿਖਤੀ ਨੋਟਿਸ ਦੇਣ ਦੇ ਬਾਅਦ, ਦੂਸਰੀ ਪਾਰਟੀ ਨੂੰ ਕੋਈ ਕਾਰਣ ਦਿੱਤੇ ਬਿਨ੍ਹਾਂ, ਆਪਸ ਵਿੱਚ ਸੰਬੰਧ ਖਤਮ ਕਰ ਸਕਦਾ ਹੈ। ਐਸੇ ਖਾਤਮੇ ਦੇ ਬਾਵਜੂਦ, ਇਸ ਸੰਬੰਧ ਦੇ ਖਤਮ ਹੋਣ ਤੋਂ ਪਹਿਲਾਂ ਕੀਤੇ ਕੋਈ ਵੀ ਲੈਣ-ਦੇਣ ਵਿੱਚੋਂ ਜਾਂ ਉਹਨਾਂ ਦੇ ਕ੍ਰਮਵਾਰ ਵਾਰਸ, ਅਮਲਦਾਰ, ਪ੍ਰਬੰਧਕ, ਕਾਨੂੰਨੀ ਪ੍ਰਤਿਨਿਧੀ ਜਾਂ ਜਾਨਸ਼ੀਨ ਪ੍ਰਤਿ ਲਾਗੂ/ਬੰਦਸ਼ਕਾਰੀ ਰਹਿਣਗੀਆਂ।

29. ਸਬ-ਬ੍ਰੋਕਰ ਦੀ ਮੌਤ/ਦਿਵਾਲੀਆਪਣ ਜਾਂ ਬੋਰਡ ਦੇ ਨਾਲ ਉਸ ਦੀ ਰਜਿਸਟ੍ਰੇਸ਼ਨ ਰੱਦ ਹੋਣ ਜਾਂ/ਸਟਾੱਕ ਐਕਸਚੇਂਜ ਵੱਲੋਂ ਸਬ- ਬ੍ਰੋਕਰ ਦੀ ਪਛਾਣ ਵਾਪਸ ਲਏ ਜਾਣ ਅਤੇ/ਜਾਂ ਸਟਾੱਕ ਬ੍ਰੋਕਰ ਵੱਲੋਂ ਸਬ- ਬ੍ਰੋਕਰ ਦੇ ਨਾਲ ਹੋਏ ਇਕਰਾਰਨਾਮਾ ਖਤਮ ਹੋਣ ਦੇ ਮਾਮਲੇ ਵਿੱਚ, ਕੋਈ ਵੀ ਕਾਰਣ ਹੋਵੇ, ਐਸੇ ਖਾਤਮੇ ਬਾਰੇ ਗਾਹਕ ਨੂੰ ਸੂਚਿਤ ਕੀਤਾ ਜਾਵੇ ਅਤੇ ਗਾਹਕ ਨੂੰ ਸਟਾੱਕ ਬ੍ਰੋਕਰ ਦਾ ਸਿੱਧਾ ਗਾਹਕ ਮੰਨਿਆ ਜਾਵੇ ਅਤੇ ਸਟਾੱਕ ਬ੍ਰੋਕਰ, ਸਬ- ਬ੍ਰੋਕਰ ਅਤੇ ਗਾਹਕ ਪ੍ਰਬੰਧ ਵਾਲੇ 'ਅਧਿਕਾਰ ਅਤੇ ਜਿੰਮੇਵਾਰੀਆਂ' ਦਸਤਾਵੇਜ਼/ਦਸਤਾਵੇਜ਼ਾਂ ਵਿੱਚ ਸਾਰੀਆਂ ਧਾਰਾਵਾਂ ਅਮਲ ਵਿੱਚ ਰਹਿਣਗੀਆਂ,

ਜੱਦੋਂ ਤੱਕ ਕਿ ਗਾਹਕ ਸਟਾੱਕ ਬ੍ਰੋਕਰ ਨੂੰ ਆਪਣਾ ਸੰਬੰਧ ਖਤਮ ਕਰਨ ਹਿੱਤ ਆਪਣੀ ਇੱਛਾ ਦਾ ਘੱਟ ਤੋਂ ਘੱਟ ਇੱਕ ਮਹੀਨੇ ਦਾ ਲਿਖਤੀ ਨੋਟਿਸ ਨਹੀਂ ਦਿੰਦਾ।

**ਵਧੇਰੇ ਅਧਿਕਾਰ ਅਤੇ ਜਿੰਮੇਵਾਰੀਆਂ**

30. ਸਟਾੱਕ ਬ੍ਰੋਕਰ ਦੇ ਰਾਹੀਂ ਜੋ ਲੈਣ-ਦੇਣ ਹੋਏ ਸਨ ਉਹਨਾਂ ਦੇ ਸੰਬੰਧ ਵਿੱਚ ਗਾਹਕ ਦੇ ਡਿਵੀਡੈਂਡ, ਅਧਿਕਾਰ ਜਾਂ ਬੋਨਸ ਸ਼ੇਅਰਸ, ਆਦਿ ਅਧਿਕਾਰਾਂ ਬਾਰੇ ਸਟਾੱਕ ਬ੍ਰੋਕਰ ਇਹ ਯਕੀਨੀ ਕਰੇਗਾ ਕਿ ਗਾਹਕ ਨੂੰ ਯੋਗ ਸੁੱਰਖਿਆ ਮਿਲੇ ਅਤੇ ਉਹ ਐਸਾ ਕੁੱਝ ਨਾ ਕਰੇ ਜਿਸ ਦੇ ਨਾਲ ਗਾਹਕ ਦੇ ਕੰਮ ਵਿੱਚ ਹਾਨੀ ਹੋਵੇ, ਜਿਸ ਦੇ ਨਾਲ ਜਾਂ ਜਿਸ ਲਈ ਉਹਨਾਂ ਨੇ ਸਕਿਓਰਟੀ ਵਿੱਚ ਲੈਣ-ਦੇਣ ਕੀਤੇ ਹੋਣ।

31. ਜਿੱਥੇ ਵਪਾਰ ਹੁੰਦਾ ਹੈ, SEBI ਅਤੇ ਢੁੱਕਵੇਂ ਐਕਸਚੇਂਜ ਦੇ ਨਿਯਮ, ਵਿਧਾਨ, ਉਪ-ਨਿਯਮ, ਅਤੇ ਜਾਰੀ ਕੀਤੇ ਸਰਕੁਲਰ, ਨੋਟਿਸ ਅਤੇ ਨਿਰਦੇਸ਼ ਦੇ ਮੁਤਾਬਕ ਸਮੇਂ ਸਮੇਂ ਤੇ ਸਟਾੱਕ ਬ੍ਰੋਕਰ ਅਤੇ ਗਾਹਕ ਆਪਣੇ ਖਾਤਿਆਂ ਦੀ ਸੰਧੀ ਅਤੇ ਨਿਪਟਾਰਾ ਕਰਣਗੇ।

32. ਸਮੇਂ ਸਮੇਂ ਤੇ ਐਕਸਚੇਂਜ ਦੁਆਰਾ ਨਿਰਦੇਸ਼ਿਤ ਫਾਰਮੈਟ ਵਿੱਚ ਕੀਤੇ ਵਪਾਰ ਲਈ ਸਟਾੱਕ ਬ੍ਰੋਕਰ ਆਪਣੇ ਸੰਘਾਟਕਾਂ ਨੂੰ ਸਾਰੇ ਲੈਣ-ਦੇਣ ਦੇ ਰਿਕਾਰਡ ਵਾਲਾ ਇੱਕ ਕੋਨਟ੍ਰੈਕਟ ਨੋਟਿਸ ਪੇਸ਼ ਕਰੇਗਾ ਜਿਸ ਵਿੱਚ ਸ਼ਾਮਿਲ ਹੋਵੇਗਾ ਆਰਡਰ ਨੰਬਰ, ਵਪਾਰ ਨੰਬਰ, ਵਪਾਰ ਸਮਾਂ, ਵਪਾਰ ਮੁੱਲ, ਵਪਾਰ ਸੰਖਿਆ ਦਾ ਵੇਰਵਾ, ਡੈਰੀਵੇਟਿਵਸ ਕੋਨਟ੍ਰੈਕਟ, ਕਲਾਏਂਟ ਕੋਡ, ਬ੍ਰੋਕਰੇਜ, ਸਾਰੇ ਲਗਾਏ ਗਏ ਖਰਚਿਆਂ ਦਾ ਵੇਰਵਾ ਅਤੇ ਉਸ ਸਾਰੇ ਢੁੱਕਵੇਂ ਵੇਰਵੇ ਸਮੇਤ ਜੋ ਭਰਨਾ ਹੈ ਅਤੇ ਐਸੇ ਢੰਗ ਨਾਲ ਅਤੇ ਐਸੇ ਸਮੇਂ ਸਮੇਂ ਅੰਦਰ ਪੇਸ਼ ਕਰਨਾ ਹੈ ਜੋ ਐਕਸਚੇਂਜ ਦੁਆਰਾ ਨਿਰਦੇਸ਼ਿਤ ਹੈ। ਸਟਾਕ ਬ੍ਰੋਕਰ ਟ੍ਰੇਡਜ਼ ਦੇ ਪੂਰਾ ਹੋਣ ਦੇ ਇਕ ਕੰਮ-ਕਾਜ ਵਾਲੇ ਦਿਨ ਦੇ ਅੰਦਰ-ਅੰਦਰ ਨਿਵੇਸ਼ਕਾਂ ਨੂੰ ਹਾਰਡ ਕਾਪੀ ਰਾਹੀਂ ਅਤੇ/ਜਾਂ ਡਿਜਿਟਲ ਦਸਤਖਤ ਵਰਤ ਕੇ ਇਲੈਕਟ੍ਰਾਨਿਕ ਰੂਪ ਵਿਚ ਕੋਂਟ੍ਰੈਕਟ ਨੋਟਿਸ ਭੇਜੇਗਾ।

33. ਸਟਾੱਕ ਬ੍ਰੋਕਰ ਗਾਹਕ ਨੂੰ ਮਾਮਲੇ ਦੇ ਮੁਤਾਬਕ, ਫੰਡਸ ਜਾਂ ਸਕਿਓਰਟੀਜ਼ ਦੀ ਡਲਿਵਰੀ ਦਾ ਭੁਗਤਾਨ ਕਰੇਗਾ, ਉਸ ਢੁੱਕਵੇਂ ਐਕਸਚੇਂਜ ਤੋਂ ਪੇਆਉਟ ਦੀ ਰਸੀਦ ਮਿਲਣ ਦੇ ਇੱਕ ਕਾਰਜੀ ਦਿਨ ਦੇ ਅੰਦਰ, ਜਿੱਥੇ ਵਪਾਰ ਕੀਤਾ ਗਿਆ ਸੀ, ਬਸ਼ਰਤੇ ਗਾਹਕ ਵੱਲੋਂ ਕੁੱਝ ਹੋਰ ਦੱਸਿਆ ਗਿਆ ਹੋਵੇ ਅਤੇ ਐਸੇ ਨਿਯਮ ਤੇ ਸ਼ਰਤਾਂ ਅਧੀਨ ਜੋ ਸਮੇਂ ਸਮੇਂ ਤੇ ਉਸ ਢੁੱਕਵੇਂ ਐਕਸਚੇਂਜ ਵੱਲੋਂ ਨਿਰਦੇਸ਼ਿਤ ਹੋਵੇ ਜਿੱਥੇ ਵਪਾਰ ਕੀਤਾ ਗਿਆ ਸੀ।

34. ਸਟਾੱਕ ਬ੍ਰੋਕਰ ਆਪਣੇ ਹਰ ਇੱਕ ਗਾਹਕ ਨੂੰ ਫੰਡਸ ਅਤੇ ਸਕਿਓਰਟੀਜ਼ ਦੇ ਸੰਬੰਧ ਵਿੱਚ ਇੱਕ ਸੰਪੂਰਨ 'ਖਾਤੇ ਦਾ ਸਟੇਟਮੈਂਟ' ਭੇਜੇਗਾ, ਓਨੀ ਵਾਰ ਅਤੇ ਅਜਿਹੇ ਫਾਰਮੈਟ ਵਿੱਚ ਅਤੇ ਐਸੇ ਸਮੇਂ ਅੰਦਰ, ਜੋ ਸਮੇਂ ਸਮੇਂ ਤੇ ਉਸ ਢੁੱਕਵੇਂ ਐਕਸਚੇਂਜ ਵੱਲੋਂ ਨਿਰਦੇਸ਼ਿਤ ਹੋਵੇ ਜਿੱਥੇ ਵਪਾਰ ਕੀਤਾ ਗਿਆ ਸੀ। ਸਟੇਟਮੈਂਟ ਨੇ ਇਹ ਵੀ ਦੱਸਣਾ ਹੈ ਕਿ ਸਟਾੱਕ ਬ੍ਰੋਕਰ ਨੂੰ ਰਸੀਦ ਮਿਲਣ 'ਤੇ ਗਾਹਕ ਨੇ ਸਟੇਟਮੈਂਟ ਵਿੱਚ ਗਲਤੀਆਂ ਵੀ ਦਰਜ ਕਰਨੀਆਂ ਹਨ, ਜੇ ਕੋਈ ਹੋਣ, ਐਸੇ ਸਮੇਂ ਅੰਦਰ, ਜੋ ਸਮੇਂ ਸਮੇਂ ਤੇ ਉਸ ਢੁੱਕਵੇਂ ਐਕਸਚੇਂਜ ਵੱਲੋਂ ਨਿਰਦੇਸ਼ਿਤ ਹੋਵੇ ਜਿੱਥੇ ਵਪਾਰ ਕੀਤਾ ਗਿਆ ਸੀ।

35. ਸਟਾੱਕ ਬ੍ਰੋਕਰ ਨੇ ਗਾਹਕਾਂ ਨੂੰ ਰੋਜ਼ਾਨਾ ਮਾਰਜਿਨ ਸਟੇਟਮੈਂਟਾਂ ਭੇਜਣੀਆਂ ਹਨ। ਰੋਜ਼ਾਨਾ ਮਾਰਜਿਨ ਸਟੇਟਮੈਂਟ ਵਿੱਚ ਸ਼ਾਮਲ ਹੋਣ ਜਮ੍ਹਾ ਕੀਤੇ ਕੋਲੈਟਰਲ ਦਾ ਵੇਰਵਾ, ਵਰਤਿਆ ਕੋਲੈਟਰਲ ਅਤੇ ਕੋਲੈਟਰਲ ਅਵਸਥਾ (ਉਪਲਬਧ ਬਕਾਇਆ/ਗਾਹਕ ਵੱਲੋਂ ਦੇਣਯੋਗ) ਜਿਸ ਦੇ ਨਾਲ ਨਕਦ, ਫਿਕਸਡ ਡਿਪਾਜ਼ਿਟ ਰਸੀਦ (FDRs), ਬੈਂਕ ਗਰੰਟੀ ਅਤੇ ਸਕਿਓਰਟੀਜ਼ ਸੰਬੰਧੀ ਬ੍ਰੇਕ ਅੱਪ।

36. ਗਾਹਕ ਇਹ ਯਕੀਨੀ ਕਰੇ ਕਿ ਉਸ ਕੋਲ ਸਟਾੱਕ ਬ੍ਰੋਕਰ ਨਾਲ ਸੰਬੰਧ ਕਰਨ ਲਈ ਯੋਗ ਕਾਨੂੰਨੀ ਸਮਰਥਾ ਅਤੇ ਅਧਿਕਰਨ ਹੈ ਅਤੇ ਉਸ ਇਹ ਹੇਠ ਆਪਣੀ ਜਿੰਮੇਵਾਰੀ ਅਤੇ ਵਚਨਬੱਧੀ ਨਿਭਾਉਣ ਦੇ ਕਾਬਲ ਹੈ। ਗਾਹਕ ਜੋ ਲੈਣ-ਦੇਣ ਕਰਦਾ ਹੈ ਉਹਨਾਂ ਸਾਰੀਆਂ ਦੇ ਪਾਲਣ ਲਈ ਜ਼ਰੂਰੀ ਕੰਮ ਨੂੰ ਗਾਹਕ ਵੱਲੋਂ ਪੂਰਾ ਕੀਤਾ ਜਾਣਾ ਹੈ ਇਸ ਤੋਂ ਪਹਿਲਾਂ ਕਿ ਉਹ ਇਹ ਲੈਣ-ਦੇਣ ਕਰੇ।

**ਇਲੈਟ੍ਰਾਨਿਕਨਿਕ ਕੋਨਟ੍ਰੈਕਟ ਨੋਟ (ECN)**

37. ਜੇਕਰ ਗਾਹਕ ਕੋਨਟ੍ਰੈਕਟ ਨੋਟ ਇਲੈਕਟ੍ਰਾਨਿਕ ਰੂਪ ਵਿੱਚ ਪ੍ਰਾਪਤ ਕਰਨ ਦੀ ਚੋਣ ਕਰਦਾ ਹੈ, ਉਹ ਸਟਾੱਕ ਬ੍ਰੋਕਰ ਢੁੱਕਵੀਂ ਈਮੇਲ-ਆਈਡੀ ਪ੍ਰਦਾਨ ਕਰੇਗਾ। ਈਮੇਲ-ਆਈਡੀ ਵਿੱਚ ਕੋਈ ਵੀ ਤਬਦੀਲੀ ਬਾਰੇ ਗਾਹਕ ਸਟਾੱਕ ਬ੍ਰੋਕਰ ਨੂੰ ਫਿਜ਼ਿਕਲ ਪੱਤਰ ਰਾਹੀਂ ਸੂਚਿਤ ਕਰੇਗਾ। ਜੇ ਗਾਹਕ ਨੇ ਇੰਟਰਨੈੱਟ ਵਪਾਰ ਦੀ ਚੋਣ ਕੀਤੀ ਹੈ ਤਾਂ ਈਮੇਲ-ਆਈਡੀ ਵਿੱਚ ਵੀ ਤਬਦੀਲੀ ਬਾਰੇ ਬੇਨਤੀ ਗਾਹਕ ਦੇ ਖਾਸ ਯੂਜ਼ਰ ਆਈਡੀ ਅਤੇ ਪਾਸਵਰਡ ਦੇ ਤੌਰ ਤੇ ਸੁੱਰਖਿਅਕ ਪਹੁੰਚ ਦੁਆਰਾ ਕੀਤੀ ਜਾ ਸਕਦੀ ਹੈ।

38. ਸਟਾੱਕ ਬ੍ਰੋਕਰ ਇਹ ਪੱਕਾ ਕਰੇਗਾ ਕਿ ਈਮੇਲ ਰਾਹੀਂ ਭੇਜੇ ਸਾਰੇ ECN ਡਿਜਿਟਲ ਤੌਰ ਤੇ ਦਸਤਖਤ ਕੀਤੇ, ਕੋਡ ਕੀਤੇ, ਦਖਲ-ਰਹਿਤ ਹੋਣ ਅਤੇ IT ਐਕਟ, 2000 ਦੇ ਪ੍ਰਯੋਜਨਾਂ ਦੇ ਨਾਲ ਪਾਲਣਸ਼ੀਲ ਵੀ। ਜੇਕਰ, ECN ਕਿਸੇ ਅਟੈਚਮੈਂਟ ਰਾਹੀਂ ਈਮੇਲ ਦੁਆਰਾ ਭੇਜੀ ਜਾਂਦੀ ਹੈ ਤਾਂ ਅਟੈਚ ਕੀਤੀ ਫਾਇਲ ਵੀ ਡਿਜਿਟਲ ਦਸਤਖਤ, ਕੋਡ ਅਤੇ ਦਖਲ-ਰਹਿਤ ਹੋਣ ਦੁਆਰਾ ਸੁੱਰਖਿਅਤ ਹੋਵੇ।

39. ਗਾਹਕ ਨੇ ਇਸਦਾ ਖਿਆਲ ਰੱਖਣਾ ਹੈ ਕਿ ਸਟਾੱਕ ਬ੍ਰੋਕਰ ਵੱਲੋਂ ਬਾਉਂਸ ਹੋਈ ਮੇਲ ਦੇ ਨੋਟੀਫਿਕੇਸ਼ਨ ਦੇ ਨਾ-ਮਿਲਣ ‘ਤੇ ਕੋਨਟ੍ਰੈਕਟ ਨੋਟ ਦੀ ਡਲਿਵਰੀ ਗਾਹਕ ਦੀ ਈਮੇਲ ਆਈਡੀ ਤੇ ਹੋਵੇਗੀ।

40. ਸਟਾੱਕ ਬ੍ਰੋਕਰ ECN ਅਤੇ ਈਮੇਲ ਦੇ ਐਕਨੋਲੇਜਮੈਂਟ ਨੂੰ ਕੰਪਿਊਟਰ ਵਿੱਚ (ਸੋਫਟ ਕਾਪੀ) ਅਤੇ ਦਖਲ-ਰਹਿਤ ਰੂਪ ਵਿੱਚ ਉਸ ਤਰੀਕੇ ਨਾਲ ਰੱਖੇਗਾ ਜੋ ਐਕਸਚੇਂਜ ਵੱਲੋਂ IT ਐਕਟ, 2000 ਦੇ ਪ੍ਰਯੋਜਨਾਂ ਦੇ ਨਾਲ ਪਾਲਣਸ਼ੀਲ ਰੂਪ ਵਿੱਚ ਨਿਰਦੇਸ਼ਿਤ ਹੈ ਅਤੇ ਸਮੇਂ ਸਮੇਂ ਤੇ SEBI/ਸਟਾੱਕ ਐਕਸਚੇਂਜ ਦੁਆਰਾ ਨਿਯਮ/ਵਿਧਾਨ/ਸਰਕੁਲਰ/ਨਿਰਦੇਸ਼ ਦੇ ਤਹਿਤ ਆਉਂਦਾ ਹੈ। ਡਲਿਵਰੀ ਦਾ ਸਬੂਤ, ਮਤਲਬ ਕੋਨਟ੍ਰੈਕਟ ਨੋਟ ਭੇਜਣ ਦੇ ਸਮੇਂ ਸਿਸਟਮ ਵੱਲੋਂ ਪੈਦਾ ਕੀਤੀ ਰਿਪੋਰਟ ਨੂੰ SEBI/ਸਟਾੱਕ ਐਕਸਚੇਂਜ ਦੇ ਵਿਧਾਨਾਂ ਹੇਠ ਦੱਸੀ ਮਿਆਦ ਲਈ ਸਟਾੱਕ ਬ੍ਰੋਕਰ ਵੱਲੋਂ ਬਣਾਏ ਰੱਖਣਾ ਹੈ। ਲਾੱਗ ਰਿਪੋਰਟ ਉਹਨਾਂ ਕੋਨਟ੍ਰੈਕਟ ਨੋਟਸ ਦਾ ਵੇਰਵਾ ਪ੍ਰਦਾਨ ਕਰੇਗੀ ਜੋ ਗਾਹਕ ਨੂੰ ਨਾ ਭੇਜੀਆਂ ਗਈਆਂ ਹੋਣ/ਈ-ਮੇਲ ਨਾ ਮੰਜ਼ੂਰ ਜਾਂ ਵਾਪਸ ਆ ਗਏ ਹਨ। ਸਟਾੱਕ ਬ੍ਰੋਕਰ ਸਾਡੇ ਲਈ ਮੁਮਕਿਨ ਕਦਮ ਚੁੱਕੇਗਾ ਇਹ ਯਕੀਨੀ ਕਰਨ ਲਈ ਕਿ SEBI/ਸਟਾੱਕ ਐਕਸਚੇਂਜ ਦੇ ਵਿਧਾਨਾਂ ਹੇਠ ਦੱਸੀ ਮਿਆਦ ਦੇ ਅੰਦਰ ਉਸ ਵੱਲੋਂ ਹਰ ਸਮੇਂ ਬਾਉਂਸ ਹੋਈਆਂ ਮੇਲਸ ਦੀ ਨੋਟੀਫਿਕੇਸ਼ਨ ਮਿਲਦੀ ਰਹੇ।

41. ਸਟਾੱਕ ਬ੍ਰੋਕਰ ਫਿਜਿਕਲ ਕੋਨਟ੍ਰੈਕਟ ਨੋਟ ਭੇਜਣਾ ਜਾਰੀ ਰੱਖੇਗਾ ਉਹਨਾਂ ਗਾਹਕਾਂ ਨੂੰ ਜੋ ਕੋਨਟ੍ਰੈਕਟ ਨੋਟ ਇਲੈਕ੍ਰਾਨਿਕ ਰੂਪ ਵਿੱਚ ਪ੍ਰਾਪਤ ਕਰਨ ਦੀ ਚੋਣ ਨਹੀਂ ਕਰਦੇ। ਜਿੱਥੇ ਵੀ ECN ਗਾਹਕ ਨੂੰ ਡਿਲਿਵਰ ਨਾ ਕੀਤੇ ਹੋਣ ਜਾਂ ਗਾਹਕ ਦੀ ਈਮੇਲ ID ਵੱਲੋਂ ਨਾ-ਮੰਜ਼ੂਰ (ਮੇਲ ਦਾ ਬਾਉਂਸ ਹੋਣਾ) ਕੀਤੇ ਗਏ ਹੋਣ ਤਾਂ ਸਟਾੱਕ ਬ੍ਰੋਕਰ ਗਾਹਕ ਨੂੰ SEBI/ਸਟਾੱਕ ਐਕਸਚੇਂਜ ਦੇ ਵਿਧਾਨਾਂ ਹੇਠ ਦੱਸੀ ਮਿਆਦ ਦੇ ਅੰਦਰ ਫਿਜਿਕਲ ਕੋਨਟ੍ਰੈਕਟ ਨੋਟ ਭੇਜੇਗਾ ਅਤੇ ਉਹ ਐਸੇ ਫਿਜਿਕਲ ਕੋਨਟ੍ਰੈਕਟ ਨੋਟ ਦੀ ਡਲਿਵਰੀ ਦਾ ਸਬੂਤ ਬਣਾਈ ਰੱਖੇਗਾ।

42. ਗਾਹਕ ਨੂੰ ECN ਈਮੇਲ ਦੇ ਸੰਚਾਰ ਦੇ ਇਲਾਵਾ, ਸਟਾੱਕ ਬ੍ਰੋਕਰ ਨੇ ਨਾਲ ਹੀ ਆਪਣੀ ਨਿਯਤ ਵੈਬਸਾਈਟ ਤੇ, ਜੇ ਹੈ, ECN ਨੂੰ ਸੁੱਰਖਿਅਤ ਢੰਗ ਵਿੱਚ ਪ੍ਰਕਾਸ਼ਿਤ ਕਰਨਾ ਹੈ, ਅਤੇ ਗਾਹਕਾਂ ਨੂੰ ਢੁੱਕਵੀਂ ਪਹੁੰਚ ਪ੍ਰਦਾਨ ਕਰਨੀ ਹੈ ਅਤੇ ਇਸ ਦੇ ਮਕਸਦ ਲਈ, ਗਾਹਕ ਨੂੰ ਇੱਕ ਯੂਨਿਕ ਯੂਜ਼ਰ ਨੇਮ ਅਤੇ ਪਾਸਵਰਡ ਸਪੁਰਦ ਕਰੇਗਾ, ਗਾਹਕ ਨੂੰ ਇਸ ਦੇ ਵਿਕਲਪ ਦੇ ਨਾਲ ਕਿ ਉਹ ਕੌਨਟ੍ਰੈਕਟ ਨੂੰ ਇਲੈਕਟੌਨਿਕ ਢੰਗ ਨਾਲ ਸੇਵ ਕਰ ਸਕੇ ਅਤੇ/ਜਾਂ ਉਸ ਦਾ ਪ੍ਰਿੰਟ ਆਉਟ ਲੈ ਸਕੇ।

**ਨਿਆਂ ਅਤੇ ਅਧਿਕਾਰ ਖੇਤਰ**

43. ਇਸ ਦਸਤਾਵੇਜ਼ ਵਿੱਚ ਦੱਸੇ ਅਧਿਕਾਰਾਂ ਦੇ ਨਾਲ ਨਾਲ ਸਟਾੱਕ ਬ੍ਰੋਕਰ, ਸਬ-ਬ੍ਰੋਕਰ ਅਤੇ ਗਾਹਕ ਕੋਈ ਵੀ ਹੱਕ ਅਦਾ ਕਰਨ ਦੇ ਅਧਿਕਾਰੀ ਹਨ ਜੋ ਸਟਾੱਕ ਬ੍ਰੋਕਰ ਜਾਂ ਗਾਹਕ ਨੂੰ ਉਸ ਐਕਸਚੇਂਜ ਦੇ ਨਿਯਮ, ਉਪ-ਨਿਯਮ ਅਤੇ ਵਿਧਾਨਾਂ ਹੇਠ ਹੋਣ, ਜਿਸ ਵਿੱਚ ਗਾਹਕ ਵਪਾਰ ਕਰਨ ਦੀ ਚੋਣ ਕਰਦਾ ਹੈ ਅਤੇ ਜਿਸ ਹੇਠ ਸਰਕੂਲਰ/ਨੋਟਿਸ ਜਾਂ SEBI ਦੇ ਨਿਯਮ ਅਤੇ ਵਿਧਾਨ ਜਾਰੀ ਕੀਤੇ ਗਏ ਹੋਣ।

44. ਇਸ ਦਸਤਾਵੇਜ਼ ਦੇ ਪ੍ਰਯੋਜਨ ਹਮੇਸ਼ਾਂ ਅਧੀਨ ਹੋਣਗੇ ਸਰਕਾਰੀ ਨੋਟੀਫਿਕੇਸ਼ਨ, ਕੋਈ ਵੀ ਨਿਯਮ, ਵਿਧਾਨ, ਨਿਰਦੇਸ਼ ਅਤੇ SEBI ਵੱਲੋਂ ਜਾਰੀ ਕੀਤੇ ਸਰਕੂਲਰ/ਨੋਟਿਸ, ਢੁੱਕਵੇਂ ਸਟਾੱਕ ਐਕਸਚੇਂਜ ਦੇ ਨਿਯਮ, ਵਿਧਾਨ ਅਤੇ ਉਪ-ਨਿਯਮ ਜਿੱਥੇ ਵਪਾਰ ਕੀਤਾ ਗਿਆ ਹੈ, ਜੋ ਸਮੇਂ ਸਮੇਂ ਤੇ ਲਾਗੂ ਹੋਣ।

45. ਸਟਾੱਕ ਬ੍ਰੋਕਰ ਅਤੇ ਗਾਹਕ ਆਰਬੀਟ੍ਰੇਸ਼ਨ ਐਂਡ ਕਨਸੀਲਿਏਸ਼ਨ ਐਕਟ,1996 ਹੇਠ ਸਾਲਸ ਦੁਆਰਾ ਪਾਸ ਕੀਤੇ ਨਿਰਣੇ ਤੇ ਕਾਇਮ ਰਹਿਣ, ਜੇ ਕੋਈ ਵੀ ਪਾਰਟੀ ਸਾਲਸੀ ਨਿਰਣੇ ਨਾਲ ਸੰਤੁਸ਼ਟ ਨਹੀਂ ਹੈ ਤਾਂ ਸਟਾੱਕ ਐਕਸਚੇਂਜਾਂ ਦੇ ਅੰਦਰ ਅਪੀਲ ਕਰਨ ਦਾ ਪ੍ਰਯੋਜਨ ਵੀ ਹੈ।

46. ਇਸ ਦਸਤਾਵੇਜ਼ ਵਿੱਚ ਜੋ ਸ਼ਬਦ ਅਤੇ ਭਾਵ ਇਸਤੇਮਾਲ ਹੋਏ ਹਨ ਪਰ ਇੱਥੇ ਪਰਿਭਾਸ਼ਾ ਨਹੀਂ ਦਿੱਤੀ ਗਈ ਹੈ, ਇਹਨਾਂ ਦਾ ਉਹੀ ਮਤਲਬ ਹੋਵੇਗਾ, ਸਿਵਾਏ ਇਸ ਦੇ ਜੇ ਇਸ ਦਾ ਮਤਲਬ ਕੁਝ ਹੋਰ ਹੋਣਾ ਚਾਹੀਦਾ ਹੋਵੇ, ਜੋ ਐਕਸਚੇਂਜ/SEBI ਦੇ ਨਿਯਮ/ਉਪ-ਨਿਯਮ ਅਤੇ ਵਿਧਾਨਾਂ ਅਤੇ ਇਹਨਾਂ ਹੇਠ ਜਾਰੀ ਸਰਕੂਲਰ/ਨੋਟਿਸ ਵਿੱਚ ਸਪੁਰਦ ਹੋਏ ਸਨ।

47. ਸਟਾੱਕ ਬ੍ਰੋਕਰ ਦੁਆਰਾ ਮਿਲਾਈਆਂ ਗਈਆਂ ਸਾਰੀਆਂ ਵਾਧੂ ਸਵੈ- ਇੱਛਕ ਧਾਰਾਵਾਂ/ਦਸਤਾਵੇਜ਼ ਐਕਸਚੇਂਜ/SEBI ਦੇ ਨਿਯਮ/ਵਿਧਾਨ/ਨੋਟਿਸ/ਸਰਕੂਲਰ ਦੇ ਵਿਪਰੀਤ ਨਹੀਂ ਹੋਣੇ ਚਾਹੀਦੇ ਹਨ। ਐਸੀਆਂ ਸਵੈ- ਇੱਛਕ ਧਾਰਾਵਾਂ/ਦਸਤਾਵੇਜ਼/ਦਸਤਾਵੇਜ਼ਾਂ ਵਿੱਚ ਕੋਈ ਵੀ ਤਬਦੀਲੀਆਂ 15 ਦਿਨਾਂ ਦੇ ਨੋਟਿਸ ਦੇ ਬਾਅਦ ਹੋਣ ਐਕਸਚੇਂਜ/SEBI ਦੁਆਰਾ ਨਿਰਦੇਸ਼ਿਤ ਅਧਿਕਾਰ ਅਤੇ ਜਿੰਮੇਵਾਰੀਆਂ ਵਿੱਚ ਕੋਈ ਵੀ ਤਬਦੀਲੀਆਂ ਨੂੰ ਗਾਹਕਾਂ ਦੇ ਧਿਆਨ ਵਿੱਚ ਲਿਆਉਣੀਆਂ ਚਾਹੀਦੀਆਂ ਹਨ।

48. SEBI ਦੇ ਨਿਯਮ ਅਤੇ ਵਿਧਾਨਾਂ ਵਿੱਚ ਤਬਦੀਲੀ ਜਾਂ ਜਿੱਥੇ ਵਪਾਰ ਕੀਤਾ ਗਿਆ ਹੈ ਉਸ ਢੁੱਕਵੇਂ ਸਟਾੱਕ ਐਕਸਚੇਂਜ਼ ਦੇ ਉਪ-ਨਿਯਮ, ਨਿਯਮ ਅਤੇ ਵਿਧਾਨਾਂ ਵਿੱਚ ਤਬਦੀਲੀ ਦੇ ਕਾਰਣ ਜੋ ਪਾਰਟੀਆਂ ਦੇ ਅਧਿਕਾਰਾਂ ਅਤੇ ਜਿੰਮੇਵਾਰੀਆਂ ਵਿੱਚ ਫਰਕ ਪੈਂਦਾ ਹੈ ਤਾਂ ਐਸਾ ਮੰਨਿਆ ਜਾਵੇਗਾ ਕਿ ਐਸੀ ਤਬਦੀਲੀਆਂ ਇਸ ਦਸਤਾਵੇਜ਼ ਵਿੱਚ ਦੱਸੀਆਂ ਪਾਰਟੀਆਂ ਦੇ ਅਧਿਕਾਰ ਅਤੇ ਜਿੰਮੇਵਾਰੀਆਂ ਦੀ ਸੁਧਾਈ ਹੇਠ ਕੀਤੀਆਂ ਗਈਆਂ ਹਨ।

## ਸਟਾੱਕ ਬ੍ਰੋਕਰ ਵੱਲੋਂ ਗਾਹਕ ਨੂੰ ਪ੍ਰਦਾਨ ਇੰਟਰਨੈਟ ਅਤੇ ਵਾਇਰਲੈਸ ਟੈਕਨੋਲਾੱਜੀ ਅਧਾਰਤ ਵਪਾਰਕ ਸਹੂਲਤ

**(‘*ਅਧਿਕਾਰ ਅਤੇ ਜਿੰਮੇਵਾਰੀਆਂ*’ਦਸਤਾਵੇਜ਼ ਵਿੱਚ ਦੱਸੀਆਂ ਸਾਰੀਆਂ ਧਾਰਾਵਾਂ ਲਾਗੂ ਹੋਣਗੀਆਂ। ਨਾਲ ਹੀ, ਇੱਥੇ ਦੱਸੀਆਂ *ਧਾਰਾਵਾਂ* ਵੀ ਲਾਗੂ ਹੋਣਗੀਆਂ।)**

1. ਸਟਾੱਕ ਬ੍ਰੋਕਰ ਇੰਟਰਨੈਟ ਅਧਾਰਤ ਟ੍ਰੇਡਿੰਗ (IBT) ਅਤੇ ਸਕਿਓਰਟੀਜ਼ ਟ੍ਰੇਡਿੰਗ ਵਾਇਰਲੈਸ ਟੈਕਨੋਲਾੱਜੀ ਰਾਹੀਂ ਪ੍ਰਦਾਨ ਕਰਨ ਦੇ ਯੋਗ ਹੈ ਜਿਸ ਵਿੱਚ ਸ਼ਾਮਲ ਹੋਵੇਗਾ ਮੋਬਾਇਲ ਫੋਨ, ਡੇਟਾ ਕਾਰਡ ਸਮੇਤ ਲੈਪਟਾੱਪ, ਆਦਿ ਵਰਗੇ ਉਪਕਰਨ ਜੋ ਇੰਟਰਨੈਟ ਪ੍ਰੋਟੋਕੋਲ (IP) ਦਾ ਇਸਤੇਮਾਲ ਕਰਦੇ ਹਨ। ਸਮੇਂ ਸਮੇਂ ਤੇ SEBI ਅਤੇ ਐਕਸਚੇਂਜ਼ ਦੁਆਰਾ ਨਿਰਦੇਸ਼ਿਤ ਮੁਤਾਬਕ ਸਟਾੱਕ ਬ੍ਰੋਕਰ ਵਾਇਰਲੈਸ ਟੈਕਨੋਲਾੱਜੀ ਦਾ ਇਸਤੇਮਾਲ ਕਰਦਿਆਂ ਇੰਟਰਨੈਟ ਅਧਾਰਤ ਵਪਾਰ/ਸਕਿਓਰਟੀਜ਼ ਵਪਾਰ ਲਈ ਲਾਗੂ ਸਾਰੀਆਂ ਲੋੜਾਂ ਦਾ ਪਾਲਣ ਕਰੇਗਾ।

2. ਗਾਹਕ ਸਕਿਓਰਟੀਜ਼ ਵਿੱਚ ਨਿਵੇਸ਼/ਵਪਾਰ ਕਰਨ ਦੀ ਇੱਛਾ ਰੱਖਦਾ ਹੈ ਅਤੇ ਇਸ ਮਕਸਦ ਦੇ ਲਈ ਗਾਹਕ ਇੰਟਰਨੈੱਟ ਅਧਾਰਤ ਵਪਾਰਕ ਸਹੂਲਤਾਂ ਵਾਇਰਲੈਸ ਟੈਕਨੋਲਾੱਜੀ ਦੇ ਇਸਤੇਮਾਲ ਰਾਹੀਂ ਸਕਿਓਰਟੀਜ਼ ਦੇ ਵਪਾਰ ਲਈ ਸਹੂਲਤ ਦਾ ਇਸਤੇਮਾਲ ਕਰਨ ਦੀ ਇੱਛਾ ਰੱਖਦਾ ਹੈ। ਸਟਾੱਕ ਬ੍ਰੋਕਰ ਗਾਹਕ ਨੂੰ ਸਟਾੱਕ ਬ੍ਰੋਕਰ ਦੀ IBT ਸੇਵਾ ਪ੍ਰਦਾਨ ਕਰੇਗਾ ਅਤੇ ਗਾਹਕ ਸਟਾੱਕ ਬ੍ਰੋਕਰ ਦੀ IBT ਸੇਵਾ ਪਰਵਾਨ ਕਰੇਗਾ, SEBI/ਐਕਸਚੇਂਜ਼ ਪ੍ਰਯੋਜਨਾਂ ਅਤੇ ਸਟਾੱਕ ਬ੍ਰੋਕਰ ਦੀ IBT ਵੈਬਸਾਇਟ ਉਪਰ ਦੱਸੇ ਨਿਯਮ ਅਤੇ ਸ਼ਰਤਾਂ 'ਤੇ ਅਤੇ ਉਹਨਾਂ ਦੇ ਅਧੀਨ, ਬਸ਼ਰਤੇ ਕਿ ਉਹ ਐਕਸਚੇਂਜ਼/SEBI ਵੱਲੋਂ ਨਿਰਦੇਸ਼ਿਤ ਮਾਪਦੰਡਾਂ ਦੇ ਅਨੁਕੂਲ ਹੋਣ।

3. ਸਟਾੱਕ ਬ੍ਰੋਕਰ ਵਾਇਰਲੈਸ ਟੈਕਨੋਲਾੱਜੀ/ਇੰਟਰਨੈਟ/ਸਮਾਰਟ ਆਰਡਰ ਰੂਟਿੰਗ ਦੇ ਰਾਹੀਂ ਸਕਿਓਰਟੀਜ਼ ਦੇ ਵਪਾਰ ਨਾਲ ਸੰਬੰਧਿਤ ਜੋਖਮ, ਜਵਾਬਦੇਹੀ, ਜਿੰਮੇਵਾਰੀਆਂ ਅਤੇ ਦੇਣਦਰੀਆਂ ਗਾਹਕ ਦੇ ਧਿਆਨ ਵਿੱਚ ਲਿਆਵੇਗਾ ਜਾਂ ਹੋਰ ਕੋਈ ਟੈਕਨੋਲਾੱਜੀ ਸਟਾੱਕ ਬ੍ਰੋਕਰ ਵੱਲੋਂ ਗਾਹਕ ਦੇ ਧਿਆਨ ਵਿੱਚ ਲਿਆਈ ਜਾਵੇ।

4. ਸਟਾੱਕ ਬ੍ਰੋਕਰ ਗਾਹਕ ਨੂੰ ਜਾਣੂ ਕਰਾਵੇਗਾ ਕਿ ਸਟਾੱਕ ਬ੍ਰੋਕਰ ਦਾ IBT ਸਿਸਟਮ ਆਪ ਹੀ ਸ਼ੁਰੂਆਤੀ ਪਾਸਵਰਡ ਅਤੇ ਪਾਸਵਰਡ ਪਾਲਿਸੀ ਬਣਾਉਂਦਾ ਹੈ ਜੋ ਕਿ ਐਕਸਚੇਂਜ਼/SEBI ਵੱਲੋਂ ਨਿਰਦੇਸ਼ਿਤ ਨਿਯਮਾਂ ਦੇ ਅਨੁਕੂਲ ਹਨ।

5. ਗਾਹਕ ਯੂਜਰ ਨੇਮ ਅਤੇ ਪਾਸਵਰਡ ਨੂੰ ਗੁਪਤ ਅਤੇ ਸੁਰੱਖਿਅਤ ਰੱਖਣ ਲਈ ਜਿੰਮੇਵਾਰ ਹੈ ਅਤੇ ਗਾਹਕ ਦਾ ਯੂਜਰ ਨੇਮ ਅਤੇ/ਜਾਂ ਪਾਸਵਰਡ ਦਾ ਇਸਤੇਮਾਲ ਕਰਦਿਆਂ ਸਟਾੱਕ ਬ੍ਰੋਕਰ ਦੇ IBT ਸਿਸਟਮ ਰਾਹੀਂ ਕਿਸੇ ਵੀ ਵਿਅਕਤੀ ਦੁਆਰਾ ਦਰਜ ਸਾਰੇ ਆਰਡਰ ਅਤੇ ਲੈਣ-ਦੇਣ ਲਈ ਇਕੱਲਾ ਜਿੰਮੇਵਾਰ ਹੋਵੇਗਾ, ਭਾਵੇਂ ਐਸਾ ਵਿਅਕਤੀ ਇਹ ਸੱਭ ਕਰਨ ਲਈ ਅਧਿਕਾਰਿਤ ਸੀ ਜਾਂ ਨਹੀਂ। ਨਾਲ ਹੀ, ਗਾਹਕ ਇਸ ਤੋਂ ਜਾਣੂ ਹੈ ਕਿ ਆਰਡਰ ਰੂਟੇਡ ਸਿਸਟਮ ਰਾਹੀਂ ਵਾਇਰਲੈਸ ਟੈਕਨੋਲਾੱਜੀ ਰਾਹੀਂ ਇੰਟਰਨੈਟ ਵਪਾਰ/ਸਕਿਓਰਟੀਜ਼ ਵਪਾਰ ਦੇ ਲਈ ਪ੍ਰਮਾਣੀਕਰਨ ਟੈਕਨੋਲਾੱਜੀ ਅਤੇ ਸਖਤ ਸੁਰੱਖਿਆ ਕਦਮਾਂ ਦੀ ਲੋੜ ਹੈ ਅਤੇ ਇਹ ਪੱਕਾ ਕਰਨ ਲਈ ਵਚਨਬੱਧ ਹੈ ਕਿ ਗਾਹਕ ਅਤੇ/ਜਾਂ ਉਸਦੇ ਅਧਿਕਾਰਿਤ ਦਾ ਪਾਸਵਰਡ ਕਿਸੇ ਵੀ ਤੀਜੀ ਪਾਰਟੀ ਨੂੰ ਖੋਲ੍ਹਿਆ ਨਾ ਜਾਵੇ, ਮੁਲਾਜ਼ਮ ਅਤੇ ਸਟਾੱਕ ਬ੍ਰੋਕਰ ਦੇ ਡੀਲਰਾਂ ਸਮੇਤ।

6. ਗਾਹਕ ਝੱਟ ਹੀ ਸਟਾੱਕ ਬ੍ਰੋਕਰ ਨੂੰ ਲਿਖਤ ਰੂਪ ਵਿੱਚ ਸੂਚਿਤ ਕਰੇਗਾ ਜੇ ਉਹ ਆਪਣਾ ਪਾਸਵਰਡ ਭੁੱਲ ਜਾਂਦਾ ਹੈ/ਸਟਾੱਕ ਬ੍ਰੋਕਰ ਦੇ IBT ਸਿਸਟਮ ਵਿੱਚ ਸੁਰੱਖਿਆ ਨੁਕਸ ਵੇਖਦਾ ਹੈ, ਉਕਾਈ ਲੱਭਦਾ/ਸ਼ੱਕ ਕਰਦਾ ਹੈ/ਆਪਣੇ ਯੂਜਰ ਨੇਮ/ਪਾਸਵਰਡ ਰਾਹੀਂ ਅਣਅਧਿਕਾਰਿਤ ਪਹੁੰਚ ਲੱਭਦਾ ਹੈ, ਇਸਦੇ ਨਾਲ ਐਸੇ ਅਣਅਧਿਕਾਰਿਤ ਇਸਤੇਮਾਲ ਦਾ ਪੂਰਾ ਵੇਰਵਾ ਦੇਵੇ, ਤਾਰੀਖ, ਢੰਗ ਅਤੇ ਐਸੇ ਅਣਅਧਿਕਾਰਿਤ ਇਸਤੇਮਲ ਕੀਤੇ ਲੈਣ-ਦੇਣ ਆਦਿ।

7. ਗਾਹਕ ਇਸ ਤੋਂ ਪੂਰੀ ਤਰ੍ਹਾਂ ਜਾਣੂ ਹੈ ਅਤੇ ਜੋਖਮ ਬਾਰੇ ਸਮਝਦਾ ਹੈ ਜੋ ਵਾਇਰਲੈਸ ਟੈਕਨੋਲਾੱਜੀ ਰਾਹੀਂ ਇੰਟਰਨੈਟ/ਸਕਿਓਰਟੀਜ਼ ਵਪਾਰ ਦੇ ਰੂਟਿੰਗ ਆਰਡਰ ਲਈ ਸਰਵਿਸ ਪ੍ਰਾਪਤ ਕਰਨ ਨਾਲ ਸੰਬੰਧਿਤ ਹਨ ਅਤੇ ਕਿਸੇ ਵੀ ਤਰੀਕੇ ਨਾਲ ਗਾਹਕ ਦੇ ਯੂਜਰਨੇਮ/ਪਾਸਵਰਡ ਵਿੱਚ ਕੀਤੇ ਸਾਰੇ ਕੰਮ ਲਈ ਗਾਹਕ ਪੂਰੀ ਤਰ੍ਹਾਂ ਦੇਣਦਾਰ ਅਤੇ ਜਿੰਮੇਵਾਰ ਹੋਵੇਗਾ।

8. ਸਟਾੱਕ ਬ੍ਰੋਕਰ ਗਾਹਕ ਦੀ ਬੇਨਤੀ 'ਤੇ ਈਮੇਲ ਰਾਹੀਂ ਆਰਡਰ/ਵਪਾਰ ਪੁਸ਼ਟੀ ਭੇਜੇਗਾ। ਗਾਹਕ ਇਸ ਤੋਂ ਜਾਣੂ ਹੈ ਕਿ ਆਰਡਰ/ਵਪਾਰ ਪੁਸ਼ਟੀ ਵੈਬ ਪੋਰਟਲ 'ਤੇ ਵੀ ਪ੍ਰਦਾਨ ਕੀਤੀ ਗਈ ਹੈ। ਜੇ ਗਾਹਕ ਵਾਇਰਲੈਸ ਟੈਕਨੋਲਾੱਜੀ ਦਾ ਇਸਤੇਮਾਲ ਕਰਦਿਆਂ ਵਪਾਰ ਕਰ ਰਿਹਾ ਹੈ ਤਾਂ ਸਟਾੱਕ ਬ੍ਰੋਕਰ ਆਰਡਰ/ਵਪਾਰ ਪੁਸ਼ਟੀ ਗਾਹਕ ਦੇ ਉਪਕਰਨ ਉਪਰ ਭੇਜੇਗਾ।

9. ਗਾਹਕ ਇਸ ਤੋਂ ਜਾਣੂ ਹੈ ਕਿ ਇੰਟਰਨੈਟ 'ਤੇ ਵਪਾਰ ਕਰਨ ਵਿੱਚ ਕਈ ਅਨਿਸ਼ਚਿਤ ਕਾਰਕ ਸ਼ਾਮਲ ਹਨ ਅਤੇ ਜਟਿਲ ਹਾਰਡਵੇਅਰ, ਸੌਫਟਵੇਅਰ, ਸਿਸਟਮ, ਸੰਚਾਰ ਲਾਈਨਾਂ, ਪੈਰੀਫੇਰਲਸ, ਆਦਿ ਰੁਕਾਵਟਾਂ ਅਤੇ ਖਲਲ ਦੇ ਪ੍ਰਤੀ ਸੰਵੇਦਨਸ਼ੀਲ ਹਨ। ਸਟਾੱਕ ਬ੍ਰੋਕਰ ਅਤੇ ਐਕਸਚੇਂਜ਼ ਕੋਈ ਨੁਮਾਇੰਦਗੀ ਜਾਂ ਵਰੰਟੀ ਨਹੀਂ ਕਰਦੇ ਕਿ ਸਟਾੱਕ ਬ੍ਰੋਕਰ ਦਾ IBT ਸਿਸਟਮ ਗਾਹਕ ਨੂੰ ਸਾਰੇ ਸਮੇਂ ਬਿਨ੍ਹਾਂ ਕੋਈ ਰੁਕਾਵਟ ਉਪਲਬਧ ਰਹੇਗਾ।

10. ਗਾਹਕ ਨੂੰ ਐਕਸਚੇਂਜ਼ ਜਾਂ ਸਟਾੱਕ ਬ੍ਰੋਕਰ ਦੇ ਖਿਲਾਫ਼ ਇਹਨਾਂ ਕਾਰਣਾਂ ਲਈ ਕੋਈ ਦਾਅਵਾ ਨਹੀਂ ਮਿਲੇਗਾ: ਮੁਅੱਤਲੀ, ਰੁਕਾਵਟ, ਨਾ-ਉਪਲਬਧਤਾ ਜਾਂ ਸਟਾੱਕ ਬ੍ਰੋਕਰ ਦੇ IBT ਸਿਸਟਮ ਜਾਂ ਸੇਵਾ ਜਾਂ ਐਕਸਚੇਂਜ਼ ਦੀ ਸੇਵਾ ਅਤੇ ਸਿਸਟਮ ਜਾਂ ਵਿਗਾੜ ਜਾਂ ਸਟਾੱਕ ਬ੍ਰੋਕਰ/ਐਕਸਚੇਂਜ਼ ਦੇ ਨਿਯੰਤਰਣ ਤੋਂ ਬਾਹਰ ਕੋਈ ਵੀ ਕਾਰਣ ਲਈ ਗਾਹਕ/ਸਟਾੱਕ ਬ੍ਰੋਕਰ/ਐਕਸਚੇਂਜ਼ ਵਿਖੇ ਲਿੰਕ/ਸਿਸਟਮ ਦੀ ਨਾਕਾਮੀ ਵੱਜੋਂ ਉਸਦੇ ਹਦਾਇਤਾਂ ਦਾ ਨਾ-ਅਮਲ ਹੋਣਾ।

# ਅਨੁਲੱਗ - 5

## ਕੈਪਿਟਲ ਮਾਰਕੀਟ ਅਤੇ ਡੈਰੀਵੇਟਿਵਜ਼ ਸੈਗਮੇਂਟਸ ਲਈ ਰਿਸਕ ਡਿਸਕਲੋਜ਼ਰ (ਜੋਖਮ ਖੋਲਣ ਵਾਲਾ) ਦਸਤਾਵੇਜ਼

ਇਸ ਦਸਤਾਵੇਜ਼ ਵਿੱਚ ਸਟਾਕ ਐਕਸਚੇਂਜ ਦੇ ਇਕੁਇਟੀਜ਼/ਡੈਰੀਵੇਟਿਵਜ਼ ਸੈਗਮੇਂਟਸ ਵਿੱਚ ਵਪਾਰ ਤੇ ਜਰੂਰੀ ਜਾਣਕਾਰੀ ਸ਼ਾਮਲ ਹੈ। ਐਕਸਚੇਂਜ ਦੇ ਇਕੁਇਟੀਜ਼/ਡੈਰੀਵੇਟਿਵਜ਼ ਸੈਗਮੇਂਟਸ ਵਿੱਚ ਵਪਾਰ ਕਰਨ ਤੋਂ ਪਹਿਲਾਂ ਸਾਰੇ ਸੰਭਵ ਸੰਘਟਕਾਂ ਨੇ ਇਹ ਦਸਤਾਵੇਜ਼ ਪੜ੍ਹਣਾ ਹੈ।

ਸਟਾਕ ਐਕਸਚੇਂਜ/SEBI ਇਸ ਡਿਸਕਲੋਜ਼ਰ ਦਸਤਾਵੇਜ਼ ਸਬੰਧੀ ਸੰਪੂਰਨਤਾ, ਯੋਗਤਾ ਜਾਂ ਦਰੁਸਤੀ ਬਾਰੇ ਇਕੱਲੇ ਜਾਂ ਜੁੜਵੇਂ ਤੌਰ ਤੇ ਜਾਂ ਸੰਕੇਤਕ ਤੌਰ ਤੇ ਗਰੰਟੀ ਨਹੀਂ ਦਿੰਦਾ ਹੈ ਅਤੇ ਨਾ ਹੀ ਕੋਈ ਪ੍ਰਤਿਨਿਧਤਾ ਕਰਦਾ ਹੈ, ਨਾ ਹੀ ਸਟਾਕ ਐਕਸਚੇਂਜ/SEBI ਨੇ ਵਪਾਰ ਕਰਨ ਦੇ ਸੈਗਮੇਂਟਸ ਵਿੱਚ ਭਾਗ ਲੈਣ ਦੀ ਸ਼੍ਰੇਸਟਤਾ ਦਾ ਸਮਰਥਨ ਜਾਂ ਸਿਫਤ ਕੀਤੀ ਗਈ ਹੈ। ਇਹ ਸੰਖੇਪ ਬਿਆਨ ਵਪਾਰ ਦੇ ਸਾਰੇ ਜੋਖਮ ਅਤੇ ਹੋਰ ਅਹਿਮ ਪੱਖਾਂ ਨੂੰ ਨਹੀਂ ਖੋਲਦਾ।

ਸ਼ਾਮਲ ਜੋਖਮ ਨੂੰ ਧਿਆਨ ਵਿੱਚ ਰੱਖਦੀਆਂ, ਤੁਹਾਨੂੰ ਲੈਣ-ਦੇਣ ਦਾ ਕੰਮ ਤਾਂ ਹੀ ਕਰਨਾ ਹੈ ਜੇ ਤੁਸੀਂ ਜਿਸ ਰਿਸ਼ਤੇ ਵਿੱਚ ਦਾਖਲ ਹੋ ਰਹੇ ਹੋ ਉਸ ਬਾਰੇ ਅਤੇ ਜੋਖਮ ਪ੍ਰਤੀ ਤੁਹਾਡੇ ਉਘਾੜ ਦੀ ਕੀ ਹੱਦ ਹੈ, ਇਸ ਬਾਰੇ ਸਮਝਦੇ ਹੋ।

ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਅਤੇ ਮੁਲਾਂਕਣ ਕੀਤਾ ਹੋਣਾ ਚਾਹੀਦਾ ਹੈ ਕਿ ਸਟਾਕ ਐਕਸਚੇਂਜ ਵਪਾਰ ਕੀਤੇ ਜਾਣ ਵਾਲੇ ਇਕੁਇਟੀ ਸ਼ੇਅਰਸ, ਡੈਰੀਵੇਟਿਵਜ਼ ਕੌਨਟ੍ਰੈਕਟਸ ਜਾਂ ਹੋਰ ਇਨਸਟਰੂਮੇਂਟਸ ਵਿੱਚ ਵਪਾਰ ਕਰਨਾ, ਜਿਸ ਵਿੱਚ ਜੋਖਮ ਦੇ ਭਿੰਨਨ ਐਲੀਮੈਂਟ ਹਨ, ਇਹ ਉਸ ਲਈ ਯੋਗ ਮਾਰਗ ਨਹੀਂ ਹੈ ਜਿਸ ਦੇ ਸੀਮਿਤ ਸ੍ਰੋਤ/ਸੀਮਿਤ ਨਿਵੇਸ਼ ਅਤੇ/ਜਾਂ ਵਪਾਰ ਦਾ ਤਜਰਬਾ ਅਤੇ ਜੋਖਮ ਪ੍ਰਤੀ ਘੱਟ ਸਹਿਣਸ਼ੀਲਤਾ ਹੈ। ਇਸ ਲਈ ਤੁਹਾਨੂੰ ਆਪਣੀ ਆਰਥਿਕ ਦਸ਼ਾ ਨੂੰ ਖਿਆਲ ਵਿੱਚ ਰੱਖਦਿਆਂ ਇਹ ਧਿਆਨ ਨਾਲ ਸੋਚਣਾ ਹੈ ਕਿ ਐਸਾ ਵਪਾਰ ਤੁਹਾਡੇ ਲਈ ਯੋਗ ਹੈ। ਜੇ ਤੁਸੀਂ ਸਟਾਕ ਐਕਸਚੇਂਜ 'ਤੇ ਵਪਾਰ ਕਰਦੇ ਹੋ ਅਤੇ ਵਿਪ੍ਰੀਤ ਨਤੀਜੇ ਨਿਕਲਦੇ ਹਨ ਜਾਂ ਹਾਨੀ ਹੋ ਜਾਂਦੀ ਹੈ ਤਾਂ ਇਸ ਲਈ ਤੁਸੀਂ ਇਕੱਲੇ ਹੀ ਜਿੰਮੇਵਾਰ ਹੋਵੋਗੇ ਅਤੇ ਸਟਾਕ ਐਕਸਚੇਂਜ/ਉਸ ਦਾ ਕਲੀਅਰਿੰਗ ਨਿਗਮ ਅਤੇ/ਜਾਂ SEBI ਉਸ ਦੇ ਲਈ, ਕਿਸੇ ਵੀ ਤਰੀਕੇ ਨਾਲ, ਜਿੰਮੇਵਾਰ ਨਹੀਂ ਹੋਣਗੇ ਅਤੇ ਇਹ ਤੁਹਾਡੇ ਦੁਆਰਾ ਦਲੀਲ ਲੈਣ ਵਿੱਚ ਸਮਰਥਨ ਨਹੀਂ ਦੇਣਗੇ ਕਿ ਸ਼ਾਮਲ ਜੋਖਮਾਂ ਲਈ ਯੋਗ ਖੁਲਾਸਾ ਨਹੀਂ ਕੀਤਾ ਗਿਆ ਸੀ ਜਾਂ ਸੰਬੰਧਿਤ ਸਟਾਕ ਬ੍ਰੋਕਰ ਵੱਲੋਂ ਸ਼ਾਮਲ ਪੂਰੇ ਜੋਖਮ ਬਾਰੇ ਤੁਹਾਨੂੰ ਸਮਝਾਇਆ ਨਹੀਂ ਗਿਆ ਸੀ। ਨਤੀਜਿਆਂ ਲਈ ਸੰਘਟਕ ਖੁਦ ਹੀ ਜਿੰਮੇਵਾਰ ਹੋਵੇਗਾ ਅਤੇ ਉਸ ਵਪਾਰ ਤੇ ਕੋਈ ਵੀ ਕੌਨਟ੍ਰੈਕਟ ਰੱਦ ਨਹੀਂ ਕੀਤਾ ਜਾਵੇਗਾ। ਤੁਹਾਨੂੰ ਇਸ ਦੀ ਹਾਮੀ ਭਰਨੀ ਅਤੇ ਸਵੀਕਾਰ ਕਰਦਾ ਹਾਂ ਕਿ ਸਟਾਕ ਐਕਸਚੇਂਜ ਤੇ ਵਪਾਰ ਕੀਤੇ ਜਾਣ ਵਾਲੇ ਡੈਰੀਵੇਟਿਵ ਕੌਨਟ੍ਰੈਕਟ ਦੀ ਖਰੀਦਦਾਰੀ ਅਤੇ/ਜਾਂ ਵਿਕਰੀ ਦੇ ਆਰਡਰ ਦੇ ਅਮਲ ਕਰਦਿਆਂ ਮੁਨਾਫਿਆਂ ਦੀ ਕੋਈ ਗਰੰਟੀ ਜਾਂ ਹਾਨੀਆਂ ਤੋਂ ਕੋਈ ਅਲਹਿਦਗੀ ਨਹੀਂ ਹੋ ਸਕਦੀ।

ਤੁਹਾਡੇ ਵੱਲੋਂ ਇਹ ਚੰਗੀ ਤਰ੍ਹਾ ਸਮਝਿਆ ਜਾਣਾ ਚਾਹੀਦਾ ਹੈ ਕਿ ਸੱਟਾਕ ਬ੍ਰੋਕਰ ਰਾਹੀਂ ਕੀਤੇ ਸਟਾਕ ਐਕਸਚੇਂਜ ਤੇ ਤੁਹਾਡੇ ਸਟਾਕ ਬ੍ਰੋਕਰ ਵੱਲੋਂ ਤੈਅ ਕੁੱਝ ਦਸਤੂਰ ਪੂਰੇ ਕਰਨ ਦੇ ਅਧੀਨ ਹਨ, ਜਿਸ ਵਿੱਚ ਸ਼ਾਮਲ ਹੋ ਸਕਦਾ ਤੁਹਾਡੇ ਵੱਲੋਂ ਨੋ ਯੌਰ ਫਾਰਮ ਭਰਨਾ, ਅਧਿਕਾਰ ਅਤੇ ਜਿੰਮੇਵਾਰੀਆਂ ਅਤੇ ਇਹ ਕਰੋ ਅਤੇ ਇਹ ਨਾ ਕਰੋ ਪੜ੍ਹਣਾ, ਆਦਿ ਅਤੇ ਇਸ ਅਧੀਨ ਹਨ ਢੁੱਕਵੇਂ ਸਟਾਕ ਐਕਸਚੇਂਜ, ਉਸ ਦੇ ਕਲੀਅਰਿੰਗ ਨਿਗਮ ਦੇ ਨਿਯਮ, ਉਪ ਨਿਯਮ ਅਤੇ ਵਿਧਾਨ, SEBI ਵੱਲੋਂ ਨਿਰਦੇਸ਼ਿਤ ਸੇਧਾਂ ਜੋ ਸਮੇਂ ਸਮੇਂ ਤੇ ਲਾਗੂ ਹੁੰਦੀਆਂ ਹਨ ਅਤੇ ਸਟਾਕ ਐਕਸਚੇਂਜ ਜਾਂ ਉਸ ਦੇ ਕਲੀਅਰਿੰਗ ਨਿਗਮ ਵੱਲੋਂ ਜਾਰੀ ਕੀਤੇ ਸਰਕੁਲਰ ਜੋ ਸਮੇਂ ਸਮੇਂ ਤੇ ਲਾਗੂ ਹੁੰਦੇ ਹਨ।

ਸਟਾਕ ਐਕਸਚੇਂਜ ਨਾ ਹੀ ਸਲਾਹ ਪ੍ਰਦਾਨ ਕਰਦਾ ਹੈ ਨਾ ਹੀ ਇਸ ਦਾ ਭਾਵ ਰੱਖਦਾ ਹੈ ਅਤੇ ਉਹ ਕਿਸੇ ਵੀ ਵਿਅਕਤੀ ਦਾ ਦੇਣਦਾਰ ਨਹੀਂ ਹੋਵੇਗਾ ਜੋ ਇਸ ਦਸਤਾਵੇਜ਼ ਵਿੱਚ ਸ਼ਾਮਲ ਕੋਈ ਵੀ ਜਾਣਕਾਰੀ ਦੇ ਅਧਾਰ ਤੇ ਸੱਟਾਕ ਐਕਸਚੇਂਜ ਦੇ ਕਿਸੇ ਸੱਟਾਕ ਬ੍ਰੋਕਰ ਅਤੇ/ਜਾਂ ਕਿਸੀ ਤੀਜੀ ਪਾਰਟੀ ਦੇ ਨਾਲ ਕੋਈ ਕਾਰੋਬਾਰੀ ਰਿਸ਼ਤੇ ਵਿੱਚ ਦਾਖਲ ਹੁੰਦਾ ਹੈ। ਇਸ ਦਸਤਾਵੇਜ਼ ਵਿੱਚ ਸ਼ਾਮਲ ਕਿਸੇ ਵੀ ਜਾਣਕਾਰੀ ਨੂੰ ਕਾਰੋਬਾਰੀ ਸਲਾਹ ਨਾ ਸਮਝਿਆ ਜਾਵੇ। ਐਸੇ ਵਪਾਰ ਵਿੱਚ ਜੋਖਮਾਂ ਨੂੰ ਚੰਗੀ ਤਰ੍ਹਾਂ ਸਮਝੇ ਅਤੇ ਸਮੀਖਿਆ ਕੀਤੇ ਬਿਨ੍ਹਾਂ ਵਪਾਰ ਪ੍ਰਤੀ ਕੋਈ ਵੀ ਵਿਚਾਰ ਨਾ ਕੀਤਾ ਜਾਵੇ। ਜੇ ਤੁਹਾਨੂੰ ਪੱਕਾ ਨਹੀਂ ਹੈ ਤਾਂ ਤੁਹਾਨੂੰ ਇਸ ਬਾਰੇ ਪੇਸ਼ਕਾਰੀ ਸਲਾਹ ਲੈਣੀ ਚਾਹੀਦੀ ਹੈ।

ਇਸ ਤੇ ਵਿਚਾਰ ਕਰਦਿਆਂ ਜੇ ਤੁਸੀਂ ਵਪਾਰ ਕਰਨਾ ਹੈ ਜਾਂ ਕਿਸੇ ਹੋਰ ਲਈ ਅਧਿਕ੍ਰਿਤ ਕਰਨਾ ਹੈ, ਤੁਹਾਨੂ ਹੇਠ ਲਿਖਤ ਬਾਰੇ ਪਤਾ ਹੋਣਾ ਜਾਂ ਇਸ ਤੋਂ ਜਾਣੂ ਹੋਣਾ ਚਾਹੀਦਾ ਹੈ:

### 1. ਮੂਲ ਜੋਖਮ:

#### 1.1 ਵੱਧ ਪਰਿਵਰਤਨਸ਼ੀਲਤਾ ਦਾ ਜੋਖਮ

ਪਰਿਵਰਤਨਸ਼ੀਲਤਾ ਤੋਂ ਭਾਵ ਹੈ ਮੁੱਲ ਵਿੱਚ ਉਹ ਗਤੀਸ਼ੀਲ ਤਬਦੀਲੀਆਂ ਜੋ ਕਿ ਕੋਈ ਸਕਿਓਰਟੀ/ਡੈਰੀਵੇਟਿਵ ਕੌਨਟ੍ਰੈਕਟ ਵਿੱਚ ਹੁੰਦੀਆਂ ਹਨ ਜਦੋਂ ਵਪਾਰ ਦੀ ਕਿਰਿਆ ਸਟਾਕ ਐਕਸਚੇਂਜ ਤੇ ਜਾਰੀ ਰਹਿੰਦੀ ਹੈ। ਅਕਸਰ, ਸਕਿਓਰਟੀ/ਡੈਰੀਵੇਟਿਵ ਕੌਨਟ੍ਰੈਕਟ ਦੀ ਜਿਨ੍ਹੀਂ ਵੱਧ ਗਤੀਸ਼ੀਲਤਾ ਹੁੰਦੀ ਹੈ, ਉਨ੍ਹਾਂ ਵੱਧ ਉਸ ਦੇ ਮੁੱਲ ਵਿੱਚ ਉਤਾਰ-ਚੜ੍ਹਾਅ ਹੋਵੇਗਾ। ਕਿਰਿਆਸ਼ੀਲ ਸਕਿਓਰਟੀ/ਡੈਰੀਵੇਟਿਵ ਕੌਨਟ੍ਰੈਕਟ ਨਾਲੋਂ ਘੱਟ ਵਪਾਰ ਵਾਲੇ ਸਕਿਓਰਟੀ/ਡੈਰੀਵੇਟਿਵ ਕੌਨਟ੍ਰੈਕਟ ਵਿੱਚ ਸਧਾਰਨ ਤੌਰ ਤੇ ਵੱਧ ਪਰਿਵਰਤਨਸ਼ੀਲਤਾ ਹੋਵੇਗੀ। ਪਰਿਵਰਤਨਸ਼ੀਲਤਾ ਤੇ ਨਤੀਜੇ ਵੱਜੋਂ ਤੁਹਾਡੇ ਆਰਡਰ

ਦੇ ਕੇਵਲ ਕੁੱਝ ਹਿੱਸੇ ਦਾ ਅਮਲ ਹੋਵੇ ਜਾਂ ਨਾ ਵੀ ਹੋਵੇਗਾ, ਜਾਂ ਜਿਸ ਮੁੱਲ ਤੇ ਤੁਹਾਡੇ ਆਰਡਰ ਦਾ ਅਮਲ ਹੋਵੇ ਸ਼ਾਇਦ ਪਿੱਛਲੇ ਵਪਾਰਕ ਮੁੱਲ ਤੋਂ ਬਹੁਤ ਹੀ ਵੱਖ ਹੋਵੇ ਜਾਂ ਬਾਅਦ ਵਿੱਚ ਬਦਲਿਆ ਹੋਵੇ, ਜਿਸ ਨਾਲ ਅਨੁਮਾਨਿਤ ਜਾਂ ਅਸਲ ਨੁਕਸਾਨ ਹੋਣ।

**1.2 ਘੱਟ ਲਿਕੁਇਡਿਟੀ (ਤਰਲਤਾ) ਦਾ ਜੋਖਮ**

ਲਿਕੁਇਡਿਟੀ ਤੋਂ ਭਾਵ ਹੈ ਮਾਰਕੀਟ ਵਿੱਚ ਭਾਗੀਦਾਰਾਂ ਦੀ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਨੂੰ ਤੇਜ਼ੀ ਨਾਲ ਮੁੱਲ ਤੇ ਖ਼ਰੀਦਣ ਅਤੇ/ਜਾਂ ਵੇਚਣ, ਅਤੇ ਘੱਟ ਤੋ ਘੱਟ ਪ੍ਰਤਿਯੋਗੀ ਮੁੱਲ ਦੇ ਫਰਕ ਸਮੇਤ ਦੀ ਸਮਰੱਥਾ। ਅਕਸਰ, ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਮਾਰਕੀਟ ਵਿੱਚ ਜਿੰਨ੍ਹੀ ਵੱਧ ਉਪਲਬਧ ਆਰਡਰਾਂ ਦੀ ਸੰਖਿਆ, ਲਿਕੁਇਡਿਟੀ ਹੋਵੇ ਉਨ੍ਹੀ ਹੀ ਜਿਆਦਾ ਹੈ। ਲਿਕੁਇਡਿਟੀ ਅਹਿਮ ਹੈ ਕਿਉਂਕਿ ਵੱਧ ਲਿਕੁਇਡਿਟੀ ਦੇ ਨਾਲ ਨਿਵੇਸ਼ਕਾਂ ਲਈ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਨੂੰ ਤੇਜ਼ੀ  ਨਾਲ ਮੁੱਲ ਤੇ ਖਰੀਦਣਾ ਅਤੇ/ਜਾਂ ਵੇਚਣਾ ਅਸਾਨ ਹੈ ਅਤੇ ਘੱਟ ਤੋਂ ਘੱਟ ਮੁੱਲ ਦੇ ਫਰਕ ਸਮੇਤ, ਅਤੇ ਇਸ ਦੇ  ਨਤੀਜੇ ਵਜੋਂ, ਇਸ ਦੀ ਜਿਆਦਾ ਸੰਭਾਵਨਾ ਹੈ ਕਿ ਨਿਵੇਸ਼ਕ ਖਰੀਦ ਕੀਤੇ ਜਾਂ ਵੇਚੇ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਲਈ ਪ੍ਰਤਿਯੋਗੀ ਮੁੱਲ ਭਰੇ ਜਾਂ ਪ੍ਰਾਪਤ ਕਰੇ। ਕਿਰਿਆਸ਼ੀਲ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਦੀ ਤੁਲਨਾ ਵਿੱਚ ਕੁੱਝ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟਸ ਅੰਦਰ ਘੱਟ ਲਿਕੁਇਡਿਟੀ ਦਾ ਜੋਖਮ ਹੈ। ਇਸ ਦੇ ਨਤੀਜੇ ਵੱਜੋ ਤੁਹਾਡੇ ਆਰਡਰ ਦੇ ਕੇਵਲ ਕੁੱਝ ਹਿੱਸੇ ਦਾ ਅਮਲ ਹੋਵੇ, ਜਾਂ ਤੁਲਨਾਤਮਕ ਤੌਰ ਤੇ ਵੱਧ ਮੁੱਲ ਫਰਕ ਦੇ ਨਾਲ ਅਮਲ ਹੋਵੇ ਜਾਂ ਨਾ ਵੀ ਹੋਵੇ।

**1.2.1** ਦਿਨ ਦੀ ਵਪਾਰ ਨੀਤੀ ਦੇ ਹਿੱਸੇ ਵੱਜੋਂ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟਸ ਦੇ ਖਰੀਦਣ/ਵੇਚਣ ਦੇ ਨਤੀਜੇ ਵੱਜੋ ਨੁਕਸਾਨ ਵੀ ਹੋ ਸਕਦਾ ਹੈ, ਕਿਉਂਕਿ ਐਸੀ ਹਾਲਤ ਵਿੱਚ, ਅਨੁਮਾਨਤ ਮੁੱਲ ਦਰਾਂ ਦੇ ਮੁਕਾਬਲੇ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟਸ ਨੂੰ ਘੱਟ/ਵੱਧ ਮੁੱਲਾਂ ਤੇ ਵੇਚਿਆ/ਖਰੀਦਿਆ ਜਾ ਸਕਦਾ ਹੈ, ਤਾਂ ਜੋ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਨੂੰ ਡਲਿਵਰ ਜਾਂ ਪ੍ਰਾਪਤ ਕਰਨ ਲਈ ਕੋਈ ਖੁੱਲੀ ਅਵਸਥਾ ਜਾਂ ਦੇਣਦਾਰੀ ਨਾ ਹੋਵੇ।

**1.3 ਵਾਈਡਰ ਸਪ੍ਰੈਡ ਜੋਖਮ**

ਸਪ੍ਰੈਡ ਤੋਂ ਭਾਵ ਹੈ ਬਿਹਤਰੀਨ ਖਰੀਦ ਮੁੱਲ ਅਤੇ ਬਿਹਤਰੀਨ ਵਿਕਰੀ ਮੁੱਲ ਵਿੱਚ ਫਰਕ। ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਨੂੰ ਖਰੀਦਣ ਅਤੇ ਛੇਤੀ ਹੀ ਵੇਚਣ, ਜਾਂ ਇਸ ਦੇ ਉਲਟ, ਵਿਚਕਾਰ ਵਾਲੇ ਮੁੱਲ ਦੇ ਫਰਕ ਦੀ ਇਹ ਪ੍ਰਤੀਨਿਧਤਾ ਕਰਦਾ ਹੈ। ਸਧਾਰਨ ਸਪ੍ਰੈਡ ਨਾਲੋਂ ਫੈਲਿਆ ਸਪ੍ਰੈਡ ਘੱਟ ਤਰਲ ਜਾਂ ਗੈਰ-ਤਰਲ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟਸ ਲਈ ਘੱਟ ਲਿਕੁਇਡਿਟੀ ਅਤੇ ਵੱਧ ਪਰਿਵਰਤਨਸ਼ੀਲਤਾ ਦਾ ਨਤੀਜਾ ਹੋ ਸਕਦਾ ਹੈ । ਇਹ ਅੱਗੋਂ ਬਿਹਤਰ ਮੁੱਲ ਬਣਤਰ ਵਿੱਚ ਤਕਲੀਫ਼ ਦੇਵੇਗਾ।

**1.4 ਜੋਖਮ ਘਟਾਉਣ ਵਾਲੇ ਆਰਡਰ**

ਕਈ ਵਾਰ ਐਸੇ ਆਰਡਰ ਪੇਸ਼ ਕਰਨੇ (ਉਦਾਹਰਨ, 'ਸਟਾੱਪ ਲਾੱਸ' ਆਰਡਰ ਜਾਂ 'ਲਿਮਟ' ਆਰਡਰ) ਅਸਰਦਾਰ ਨਹੀਂ ਹੁੰਦੇ ਜਿਨ੍ਹਾਂ ਦਾ ਮਕਸਦ ਨੁਕਸਾਨ ਨੂੰ ਕੁੱਝ ਹੱਦ ਤੱਕ ਸੀਮਿਤ ਕਰਨਾ ਹੁੰਦਾ ਹੈ, ਕਿਉਂਕਿ ਮਾਰਕੀਟ ਹਾਲਾਤ ਵਿੱਚ ਤੇਜ਼ੀ ਦੀ ਗਤੀ ਦੇ ਕਾਰਨ ਐਸੇ ਆਰਡਰਾਂ ਤੇ ਅਮਲ ਕਰਨਾ ਨਾਮੁਮਕਿਨ ਹੋ ਜਾਂਦਾ ਹੈ।

**1.4.1** ਮੁੱਲ ਆਦਿ ਦਾ ਖਿਆਲ ਨਾ ਰੱਖਦੀਆਂ ,ਸਾਹਮਣੇ ਵਾਲੇ ਪਾਸੇ ਅਰਡਰਾਂ ਦੀ ਉਪਲਬਧੀ ਦੇ ਅਧੀਨ, 'ਮਾਰਕੀਟ' ਆਰਡਰ ਤੇ ਅਮਲ ਛੇਤੀ ਹੋਵੇਗਾ, ਜਦ ਕਿ ਗਾਹਕ ਨੂੰ 'ਮਾਰਕੀਟ' ਆਰਡਰ ਦਾ ਛੇਤੀ ਅਮਲ ਪ੍ਰਾਪਤ ਹੋ ਸਕਦਾ ਹੈ, ਹੋ ਸਕਦਾ ਹੈ ਕਿ ਅਮਲ ਬਕਾਇਆ ਆਰਡਰਾਂ ਦੇ ਉਪਲਬਧ ਮੁੱਲਾਂ ਤੇ ਹੋਵੇ, ਜੋ ਮੁੱਲ ਸਮਾਂ ਪ੍ਰਥਮਤਾ ਤੇ ਆਰਡਰ ਦੀ ਮਾਤਰਾ ਪੂਰੀ ਕਰਦੇ ਹਨ। ਇਹ ਸਮਝਿਆ ਜਾਵੇ ਕਿ ਇਹ ਮੁੱਲ ਪਿੱਛਲੇ ਵਪਾਰ ਕੀਤੇ ਮੁੱਲ ਤੋਂ ਜਾਂ ਉਸ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਵਿੱਚ ਬਿਹਤਰੀਨ ਮੁੱਲ ਤੋਂ ਕਾਫੀ ਭਿੰਨ ਹੋ ਸਕਦੇ ਹਨ।

**1.4.2** 'ਲਿਮਟ' ਆਰਡਰ ਦਾ ਅਮਲ ਕੇਵਲ ਉਸ 'ਲਿਮਟ' (ਸੀਮਾ) ਮੁੱਲ ਤੇ ਹੋਵੇਗਾ ਜੋ ਆਰਡਰ ਲਈ ਨਿਰਦੇਸ਼ਿਤ ਹੈ ਜਾਂ ਬਿਹਤਰੀਨ ਮੁੱਲ ਤੇ।ਪਰ, ਜਦਕਿ, ਗਾਹਕ ਨੂੰ ਮੁੱਲ ਸੁਰੱਖਿਆ ਮਿਲਦੀ ਹੈ, ਐਸੀ ਸੰਭਾਵਨਾ ਹੈ ਕਿ ਆਰਡਰ ਦਾ ਅਮਲ ਬਿਲਕੁਲ ਹੀ ਨਾ ਹੋਵੇ।

**1.4.3** ਇੱਕ ਸਟਾੱਪ ਲਾੱਸ ਆਰਡਰ ਅਕਸਰ ਸਟਾੱਕ/ਡੈਰੀਵੇਟਿਵ ਮੁੱਲ ਤੋਂ "ਦੂਰ" ਰੱਖਿਆ ਜਾਂਦਾ ਹੈ ਅਤੇ ਐਸਾ ਆਰਡਰ ਉਸ ਵੇਲੇ ਕਿਰਿਆਸ਼ੀਲ ਹੁੰਦਾ ਹੈ  ਅਤੇ ਜਦ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਸਟਾੱਪ ਮੁੱਲ ਤੇ ਪਹੁੰਚਦਾ ਹੈ ਜਾਂ ਉਸ ਰਾਹੀਂ ਵਪਾਰ ਹੋ ਜਾਂਦਾ ਹੈ। ਵਿਕਰੀ ਸਟਾੱਪ ਆਰਡਰ ਸਧਾਰਨ ਤੌਰ ਤੇ ਮੌਜੂਦਾ ਮੁੱਲ ਹੇਠ ਦਰਜ ਹੁੰਦੇ ਹਨ ਅਤੇ ਖਰੀਦੀ ਸਟਾੱਪ ਆਰਡਰ ਸਾਧਾਰਨ ਤੌਰ ਤੇ ਮੌਜੂਦਾ ਮੁੱਲ ਦੇ ਉੱਪਰ ਦਰਜ ਹੁੰਦੇ ਹਨ। ਜਦੋਂ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਪਹਿਲਾਂ ਤੈਅ ਮੁੱਲ ਤੇ ਪਹੁੰਚ ਜਾਂਦੇ ਹਨ ਜਾਂ ਐਸੇ ਮੁੱਲ ਰਾਹੀਂ ਵਪਾਰ ਹੁੰਦਾ ਹੈ ਤਾਂ ਸਟਾੱਪ ਲਾੱਸ ਆਰਡਰ ਮਾਰਕੀਟ/ਲਿਮਟ ਆਰਡਰ ਵਿੱਚ ਤਬਦੀਲ ਹੋ ਜਾਂਦਾ ਹੈ ਅਤੇ ਇਸ ਦਾ ਅਮਲ ਲਿਮਟ ਜਾਂ ਵੱਧ ਤੇ ਹੁੰਦਾ ਹੈ। ਇਸ ਦੀ ਕੋਈ ਤਸੱਲੀ ਨਹੀਂ ਹੈ ਜੇ ਲਿਮਟ ਆਰਡਰ ਅਮਲਯੋਗ ਹੋਵੇਗਾ ਕਿਉਂਕਿ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਸ਼ਾਇਦ ਪਹਿਲਾਂ ਤੈਅ ਮੁੱਲ ਤੇ ਪਹੁੰਚ ਜਾਂਦਾ ਹੈ, ਜਿਸ ਮਾਮਲੇ ਵਿੱਚ, ਐਸੇ ਆਰਡਰ ਦੇ ਨਾ ਅਮਲ ਹੋਣ ਦਾ ਜੋਖਮ ਵੱਧ ਜਾਂਦਾ ਹੈ, ਜਿਵੇਂ ਕਿ ਸਾਧਾਰਣ ਲਿਮਟ ਆਰਡਰ ਨਾਲ ਹੁੰਦਾ ਹੈ।

**1.5 ਨਵੀਆਂ ਘੋਸ਼ਣਾਵਾਂ ਦਾ ਜੋਖਮ**

ਵਪਾਰ ਦੇ ਦੌਰਾਨ ਸਟਾਕ/ਡੈਰੀਵੇਟਿਵ ਦੇ ਮੁੱਲ ਤੇ ਅਸਰ ਕਰਨ ਵਾਲੀਆਂ ਘੋਸ਼ਣਾਵਾਂ ਹੋ ਸਕਦੀਆਂ ਹਨ, ਅਤੇ ਘੱਟ ਲਿਕੁਇ ਡਿਟੀ ਅਤੇ ਵੱਧ ਪਰਿਵਰਤਨਸ਼ੀਲਤਾ ਤੇ ਅਮਲ ਦੇ ਨਾਲ, ਇਹਨਾਂ ਦੁਆਰਾ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਵਿੱਚ  ਅਚਾਨਕ ਅਨਚਾਹੀ ਸਕਾਰਾਤਮਕ ਜਾਂ ਨਕਾਰਾਤਮਕ ਗਤੀ ਹੋ ਸਕਦੀ ਹੈ।

**1.6 ਅਫਵਾਹਾਂ ਦੇ ਜੋਖਮ:**
ਕਈ ਵਾਰ ਬਾਜ਼ਾਰ ਵਿੱਚ ਮੂਹੋਂ-ਮੂਹੀਂ, ਅਖਬਾਰਾਂ, ਵੈਬਸਾਇਟਸ ਜਾਂ ਨਿਯੂਜ਼ ਏਜੰਸੀਆਂ, ਆਦਿ ਰਾਹੀਂ ਕੰਪਨੀ/ਕਰੰਸੀ ਬਾਰੇ ਅਫਵਾਹਾਂ ਫੈਲਦੀਆਂ ਹਨ। ਨਿਵੇਸ਼ਕ ਇਹਨਾਂ ਤੋਂ ਦੂਰ ਰਹਿਣ ਅਤੇ ਅਫਵਾਹਾਂ ਤੇ ਕੰਮ ਕਰਨ ਤੋਂ ਬਚਣ।

**1.7 ਸਿਸਟਮ ਜੋਖਮ**
ਅਕਸਰ ਮਾਰਕੀਟ ਖੁਲਣ ਸਮੇਂ ਅਤੇ ਮਾਰਕੀਟ ਬੰਦ ਹੋਣ ਤੋਂ ਪਹਿਲਾਂ ਵੱਧ ਮਾਤਰਾ ਵਿੱਚ ਵਪਾਰ ਹੁੰਦਾ ਹੈ। ਐਸੀ ਵੱਧ ਮਾਤਰਾ ਦਿਨ ਵਿੱਚ ਕਿਸੇ ਵੀ ਸਮੇਂ ਹੋ ਸਕਦੀ ਹੈ। ਇਹਨਾਂ ਦੁਆਰਾ ਅਮਲ ਜਾਂ ਪੁਸ਼ਟੀ ਰਰਨ ਵਿੱਚ ਦੇਰੀ ਹੋ ਸਕਦੀ ਹੈ।

**1.7.1** ਪਰਿਵਰਤਨਸ਼ੀਲਤਾ ਦੀ ਮਿਆਦ ਦੇ ਦੌਰਾਨ, ਆਰਡਰ ਅਮਲ ਅਤੇ ਉਸ ਦੀ ਪੁਸ਼ਟੀ ਵਿੱਚ ਦੇਰੀ ਹੋ ਸਕਦੀ ਹੈ ਕਿਉਂਕਿ ਮਾਰਕੀਟ ਭਾਗੀਦਾਰ ਲਗਾਤਾਰ ਆਪਣੀ ਆਰਡਰ ਮਾਤਰਾ ਜਾਂ ਮੁੱਲ ਤਬਦੀਲ ਕਰਦੇ ਹਨ ਜਾਂ ਨਵੇਂ ਆਰਡਰ ਪੇਸ਼ ਕਰਦੇ ਹਨ।

**1.7.2** ਕੁੱਝ ਮਾਰਕੀਟ ਹਾਲਾਤਾਂ ਅੰਦਰ, ਮਾਰਕੀਟ ਅੰਦਰ ਯੋਗ ਮੁੱਲ ਤੇ ਜਾਂ ਬਿਲਕੁਲ ਹੀ, ਕੋਈ ਪੋਜ਼ੀਸ਼ਨ ਨੂੰ ਲਿਕੁਇਡੇਟ ਕਰਨਾ ਬਹੁਤ ਹੀ ਮੁਸ਼ਕਿਲ ਜਾਂ ਨਾਮੁਮਕਿਨ ਹੋਵੇ, ਜਦੋਂ ਖਰੀਦ ਵਾਲੇ ਪਾਸੇ ਜਾਂ ਵਿਕਰੀ ਵਾਲੇ ਪਾਸੇ ਕੋਈ ਬਕਾਇਆ ਆਰਡਰ ਨਹੀਂ ਹਨ, ਜਾਂ ਕਿਸੇ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਜਿਸ ਕਾਰਨ ਵਪਾਰ ਰੁੱਕ ਗਿਆ ਹੈ; ਅਸਧਾਰਨ ਵਪਾਰ ਕਿਰਿਆ ਦੇ ਕਾਰਨ ਕੋਈ ਵੀ ਕੀਤਾ ਕੰਮ ਜਾਂ ਸਕਿਓਰਟੀਜ਼/ਡੈਰੀਵੇਟਿਵ ਕੌਨਟ੍ਰੈਕਟ ਵਿੱਚ ਸਰਕੁਇਟ ਫਿਲਟਰਸ ਦੀ ਰੁਕਾਵਟ ਜਾਂ ਹੋਰ ਕੋਈ ਕਾਰਨ।

**1.8 ਸਿਸਟਮ/ਨੈੱਟਵਰਕ ਭੀੜ**
ਐਕਸਚੇਂਜ਼ 'ਤੇ ਵਪਾਰ ਇਲੈਕਟ੍ਰਾਨਿਕ ਢੰਗ ਵਿੱਚ ਹੈ, ਜੋ ਕਿ ਸੈਟਲਾਈਟ/ਲੀਜ਼ ਲਾਈਨ ਅਧਾਰਤ ਸੰਚਾਰ, ਆਰਡਰ ਕਰਨ ਅਤੇ ਰੂਟ ਕਰਨ ਲਈ ਟੈਕਨੋਲਾਜੀ ਅਤੇ ਕੰਪਿਊਟਰ ਦੇ ਸੁਮੇਲ 'ਤੇ ਅਧਾਰਤ ਹੈ। ਇਸ ਲਈ ਇਸ ਵਿੱਚ ਇਹਨਾਂ ਦੀ ਸੰਭਾਵਨਾ ਹੈ: ਸੰਚਾਰ ਦੀ ਨਾਕਾਮੀ ਜਾਂ ਸਿਸਟਮ ਦੀ ਤਕਲੀਫ਼ ਜਾਂ ਸਿਸਟਮ ਵੱਲੋਂ ਸੁਸਤ ਜਾਂ ਦੇਰੀ ਦੀ ਪ੍ਰਤੀਕਿਰਿਆ ਜਾਂ ਵਪਾਰ ਦਾ ਬੰਦ ਹੋਣਾ, ਜਾਂ ਐਸੀ ਹਰ ਕੋਈ ਸਮੱਸਿਆ/ਨੁਕਸ ਜਿਸ ਦੁਆਰਾ ਵਪਾਰ ਵਾਲੇ ਸਿਸਟਮ/ਨੈਟਵਰਕ ਤਕ ਪਹੁੰਚ ਨਹੀਂ ਹੋ ਪਾਉਂਦੀ, ਜੋ ਕਾਬੂ ਤੋਂ ਬਾਹਰ ਹੋਵੇ ਅਤੇ ਜਿਸਦੇ ਨਤੀਜੇ ਵੱਜੋਂ ਖਰੀਦੇ ਆਰਡਰ ਅਤੇ ਵਿਕਰੀ ਆਰਡਰ ਦੀ ਪੂਰਨ ਤੌਰ ਤੇ ਜਾਂ ਕੁੱਝ ਹਿੱਸੇ ਦੀ, ਪ੍ਰਕਿਰਿਆ ਵਿੱਚ ਦੇਰੀ ਹੁੰਦੀ ਹੈ ਜਾਂ ਪ੍ਰਕਿਰਿਆ ਬਿਲਕੁਲ ਨਹੀਂ ਹੁੰਦੀ ਹੈ। ਤੁਹਾਨੂੰ ਸੁਚੇਤ ਹੋਣਾ ਹੈ ਕਿ ਭਾਵੇਂ ਇਸ ਤਕਲੀਫਾਂ ਪ੍ਰਕਾਰ ਵਿੱਚ ਵਕਤੀ ਹਨ, ਪਰ ਜਦੋਂ ਤੁਹਾਡੇ ਕੋਲ ਬਕਾਇਆ ਓਪਨ ਪੋਜ਼ੀਸ਼ਨਸ ਜਾਂ ਨਾ-ਅਮਲ ਕੀਤੇ ਆਰਡਰ ਹੋਣ ਤਾਂ ਸਾਰੇ ਨਾ-ਅਮਲ ਕੀਤੇ ਲੈਣ-ਦੇਣ ਦੀਆਂ ਤੁਹਾਡੀਆਂ ਦੇਣਦਾਰੀਆਂ ਕਾਰਣ ਇਹ ਜੋਖਮ ਬਣ ਜਾਂਦੇ ਹਨ।

## 2. ਜਿੱਥੋਂ ਤੱਕ ਡੈਰੀਵੇਟਿਵਸ ਸੈਗਮੈਂਟਸ ਦਾ ਸੰਬੰਧ ਹੈ, ਇਹ ਧਿਆਨ ਦਿਉ ਅਤੇ ਆਪਣੇ ਆਪ ਨੂੰ ਹੇਠ ਲਿਖੇ ਵਾਧੂ ਗੁਣਾਂ ਤੋਂ ਜਾਣੂ ਕਰਵਾਉ:

**2.1 'ਲੀਵਰੇਜ' ਜਾਂ 'ਗਿਅਰਿੰਗ' ਦਾ ਅਸਰ**
ਡੈਰੀਵੇਟਿਵਸ ਮਾਰਕੀਟ ਵਿੱਚ, ਡੈਰੀਵੇਟਿਵਸ ਕੌਨਟ੍ਰੈਕਟ ਦਾ ਮੁੱਲ ਦੇ ਮੁਕਾਬਲੇ ਮਾਰਜਿਨ ਦੀ ਮਾਤ੍ਰਾ ਘੱਟ ਹੈ, ਸੋ ਲੈਣ-ਦੇਣ 'ਲੀਵਰੇਜਡ' ਜਾਂ 'ਗਿਅਰਡ' ਹਨ। ਡੈਰੀਵੇਟਿਵਸ ਵਪਾਰ, ਜੋ ਤੁਲਨਾਤਮਕ ਤੌਰ ਤੇ ਘੱਟ ਮਾਰਜਿਨ ਮਾਤ੍ਰਾ ਨਾਲ ਕੀਤਾ ਜਾਂਦਾ ਹੈ, ਮਾਰਜਿਨ ਮਾਤ੍ਰਾ ਦੇ ਮੁਕਾਬਲੇ ਵੱਧ ਨਫਾ ਜਾਂ ਨੁਕਸਾਨ ਦੀ ਸੰਭਾਵਨਾ ਪ੍ਰਦਾਨ ਕਰਦਾ ਹੈ। ਪਰ ਡੈਰੀਵੇਟਿਵਸ ਵਿੱਚ ਲੈਣ-ਦੇਣ ਦਾ ਜੋਖਮ ਬਹੁਤ ਜ਼ਿਆਦਾ ਹੁੰਦਾ ਹੈ।

ਇਸ ਲਈ ਡੈਰੀਵੇਟਿਵਸ ਵਿੱਚ ਵਪਾਰ ਕਰਨ ਤੋਂ ਪਹਿਲਾਂ ਤੁਹਾਨੂੰ ਹੇਠਲੇ ਬਿਆਨ ਚੰਗੀ ਤਰ੍ਹਾਂ ਸਮਝਣੇ ਚਾਹਿਦੇ ਹਨ ਅਤੇ ਨਾਲ ਹੀ ਆਪਣੇ ਹਾਲਾਤਾਂ, ਆਰਥਿਕ ਸ੍ਰੋਤਿਆਂ ਨੂੰ ਮੁੱਖ ਰੱਖਦਿਆਂ ਸਾਵਧਾਨੀ ਨਾਲ ਵਪਾਰ ਕਰਨਾ ਹੈ। ਜੇ ਮੁੱਲ ਤੁਹਾਡੇ ਵਿਰੁੱਧ ਚੱਲਦੇ ਹਨ ਤਾਂ ਤੁਸੀਂ ਤੁਲਨਾਤਮਕ ਤੌਰ ਤੇ ਘੱਟ ਮਿਆਦ ਵਿੱਚ ਮਾਰਜਿਨ ਰਕਮ ਦਾ ਹਿੱਸਾ ਜਾਂ ਪੂਰਾ ਖੋ ਸਕਦੇ ਹੋ। ਇਸ ਤੋਂ ਵੱਧ, ਹੋ ਸਕਦਾ ਹੈ ਕਿ ਅਸਲ ਮਾਰਜਿਨ ਰਕਮ ਨਾਲੋਂ ਹਾਨੀ ਵੱਧ ਹੋਵੇ।

ਏ. ਫਿਊਚਰ ਵਪਾਰ ਵਿੱਚ ਸਾਰੀਆਂ ਪੋਜ਼ੀਸ਼ਨਸ ਦਾ ਰੋਜ਼ਾਨਾ ਨਿਪਟਾਰਾ ਹੁੰਦਾ ਹੈ। ਇੰਡੈਕਸ/ਡੈਰੀਵੇਟਿਵਸ ਕੌਨਟ੍ਰੈਕਟ ਦੀ ਕਲੋਜ਼ਿੰਗ ਦਰ ਦੇ ਅਧਾਰ 'ਤੇ ਹਰ ਰੋਜ਼ ਓਪਨ ਪੋਜ਼ੀਸ਼ਨ ਮਾਰਕਿੰਗ ਮਾਰਕੀਟ ਮੁਤਾਬਕ ਹੁੰਦੀ ਹੈ। ਜੋ ਕੌਨਟ੍ਰੈਕਟ ਤੁਹਾਡੇ ਖਿਲਾਫ਼ ਚੱਲਿਆ ਹੈ ਤਾਂ ਤੁਹਾਨੂੰਅਜਿਹੀ ਹਾਲਤ ਦੇ ਨਤੀਜੇ ਵੱਜੋਂ ਹਾਨੀ ਦੀ ਕਲਪਤ ਰਕਮ ਜਮ੍ਹਾਂ ਕਰਾਉਣ ਦੀ ਲੋੜ ਹੈ। ਇਹ ਰਕਮ ਕਿਸੇ ਤੈਅ ਸਮੇਂ ਤੋਂ ਪਹਿਲਾਂ ਭਰਨੀ ਹੋਵੇਗੀ, ਅਕਸਰ ਅਗਲੇ ਦਿਨ ਦੇ ਵਪਾਰ ਸ਼ੁਰੂ ਹੋਣ ਤੋਂ ਪਹਿਲਾਂ।

ਬੀ. ਜੇ ਤੁਸੀਂ ਦੱਸੀ ਮਿਆਦ ਤੱਕ ਵਧੇਰੀ ਰਕਮ ਜਮ੍ਹਾਂ ਨਹੀਂ ਕਰਦੇ ਹੋ ਜਾਂ ਤੁਹਾਡੇ ਖਾਤੇ ਵਿੱਚ ਬਕਾਇਆ ਕਰਜ਼ ਨਜ਼ਰ ਆਉਂਦਾ ਹੈ ਤਾਂ ਸਟਾੱਕ ਬ੍ਰੋਕਰ ਪੋਜ਼ੀਸ਼ਨ ਦੇ ਹਿੱਸੇ ਜਾਂ ਪੂਰੇ ਨੂੰ ਲਿਕੁਇਡੇਟ ਕਰ ਸਕਦਾ ਹੈ ਜਾਂ ਸਕਿਓਰਟੀਜ਼ ਦਾ ਬਦਲਾਅ ਕਰ ਸਕਦਾ ਹੈ। ਇਸ ਮਾਮਲੇ ਵਿੱਚ, ਐਸੇ ਕਲੋਜ਼-ਆਉਟਸ ਦੇ ਕਾਰਣ ਹੋਈ ਕੋਈ ਵੀ ਹਾਨੀ ਲਈ ਤੁਸੀਂ ਦੇਣਦਾਰ ਹੋਵੋਗੇ।

ਸੀ. ਕੁੱਝ ਮਾਰਕੀਟ ਹਾਲਾਤਾਂ ਅੰਦਰ, ਨਿਵੇਸ਼ਕ ਨੂੰ ਲੈਣ-ਦੇਣ ਕਰਨਾ ਮੁਸ਼ਕਿਲ ਜਾਂ ਨਾ-ਮੁਮਕਿਨ ਲੱਗ ਸਕਦਾ ਹੈ। ਉਦਾਹਰਨ ਦੇ ਤੌਰ ਤੇ ਐਸੀ ਅਵਸਥਾ ਕੁੱਝ ਕਾਰਕਾਂ ਦੇ ਕਾਰਣ ਹੋ ਸਕਦੀ ਹੈ ਜਿਵੇਂ ਲਿਕੁਇਡਿਟੀ ਨਾ ਰਹਿਣਾ, ਮਤਲਬ, ਜੋ ਨਾ-ਕਾਫੀ ਬੋਲੀਆਂ ਜਾਂ ਆਫਰ ਹੋਣ ਜਾਂ ਮੁਲ ਸੀਮਾ ਜਾਂ ਸਰਕੀਟ ਬ੍ਰੇਕਰ ਆਦਿ ਦੇ ਕਾਰਣ ਵਪਾਰ ਦਾ ਮੁਲਤਵੀ ਹੋਣਾ।

ਡੀ. ਮਾਰਕੀਟ ਸਥਿਰਤਾ ਬਣਾਈ ਰੱਖਣ ਦੇ ਲਈ ਹੇਠਲੇ ਕਦਮ ਚੁੱਕੇ ਜਾ ਸਕਦੇ ਹਨ: ਮਾਰਜਿਨ ਦਰ ਵਿੱਚ ਬਦਲਾਅ, ਨਕਦ ਮਾਰਜਿਨ ਵਿੱਚ ਵਾਧੇ ਜਾਂ ਹੋਰ। ਇਹ ਨਵੇਂ ਕਦਮ ਮੌਜੂਦਾ ਉਤਪਨ ਚਾਹਤਾਂ ਲਈ ਵੀ ਲਾਗੂ ਕੀਤੇ ਜਾ ਸਕਦੇ ਹਨ। ਐਸੀ ਹਾਲਤ ਵਿੱਚ, ਤੁਹਾਨੂੰ ਵਧੇਰੇ ਮਾਰਜਿਨ ਲੈਣੇ ਹੋਣਗੇ ਜਾਂ ਆਪਣੀਆਂ ਪੋਜ਼ੀਸ਼ਨਸ ਘਟਾਉਣੀਆਂ ਹੋਣਗੀਆਂ।

ਈ. ਜਿਸ ਵਿੱਚ ਤੁਸੀਂ ਵਪਾਰ ਕਰਨਾ ਚਾਹੁੰਦੇ ਹੋ ਤੁਹਾਨੂੰ ਆਪਣੇ ਬ੍ਰੋਕਰ ਨੂੰ ਉਹਨਾਂ ਡੈਰੀਵੇਟਿਵਸ ਦਾ ਪੂਰਾ ਵੇਰਵਾ ਪ੍ਰਦਾਨ ਕਰਨ ਲਈ ਆਖਣਾ ਚਾਹੀਦਾ ਹੈ, ਮਤਲਬ ਕੋਨਟ੍ਰੈਕਟ ਦੇ ਸਪੈਸੀਫਿਕੇਸ਼ਨਸ ਅਤੇ ਸੰਬੰਧਿਤ ਜਿੰਮੇਵਾਰੀਆਂ।

**2.2 ਕਰੰਸੀ ਸੰਬੰਧਿਤ ਜੋਖਮ**

1. ਵਿਦੇਸ਼ੀ ਮੁਦਰਾ – ਡਿਨੋਮਿਨੇਸ਼ਨ ਕੋਨਟ੍ਰੈਕਟ ਅੰਦਰ ਲੈਣ-ਦੇਣ ਵਿੱਚ ਨਫਾ ਜਾਂ ਨੁਕਸਾਨ, ਭਾਵੇਂ ਇਹ ਤੁਹਾਡੇ ਆਪਣੇ ਜਾਂ ਕੋਈ ਹੋਰ ਖੇਤਰ ਵਿੱਚ ਵਪਾਰ ਕੀਤੇ ਜਾਣ, ਮੁਦਰਾ ਦਰ ਵਿੱਚ ਉਤਾਰ ਚੜਾਅ ਦੁਆਰਾ ਪ੍ਰਭਾਵਿਤ ਹੋਵੇਗਾ, ਜਿੱਥੇ ਕੋਨਟ੍ਰੈਕਟ ਦੀ ਮੁਦਰਾ ਡਿਨੋਮਿਨੇਸ਼ਨ ਨੂੰ ਦੂਸਰੀ ਮੁਦਰਾ ਵਿੱਚ ਤਬਦੀਲ ਕਰਨ ਦੀ ਲੋੜ ਹੈ।

2. ਕੁੱਝ ਮਾਰਕੀਟ ਹਾਲਾਤਾਂ ਅੰਦਰ, ਤੁਹਾਨੂੰ ਕਿਸੇ ਪੋਜ਼ੀਸ਼ਨ ਨੂੰ ਲਿਕੁਇਡੇਟ ਕਰਨਾ ਮੁਸ਼ਕਿਲ ਜਾਂ ਨਾ-ਮੁਮਕਿਨ ਲੱਗ ਸਕਦਾ ਹੈ। ਉਸ ਵੇਲ਼ੇ ਹੋ ਸਕਦਾ ਹੈ, ਉਦਾਹਰਨ ਦੇ ਤੌਰ ਤੇ, ਕਦੋਂ ਕੋਈ ਮੁਦਰਾ ਡੀ-ਰੈਗੂਲੇਟ ਕੀਤੀ ਜਾਂਦੀ ਹੈ ਜਾਂ ਨਿਸ਼ਚਿਤ ਵਪਾਰਕ ਬੈਂਡ ਚੌੜੇ ਕੀਤੇ ਜਾਂਦੇ ਹਨ।

3. ਮੁਦਰਾ ਦੇ ਦਰ ਬਹੁਤ ਹੀ ਪਰਿਵਰਤਨਸ਼ੀਲ ਹਨ। ਦੂਸਰੀਆਂ ਚੀਜ਼ਾਂ ਸਮੇਤ, ਮੁਦਰਾਵਾਂ ਲਈ ਮੁੱਲ ਦੀ ਚਾਲ ‘ਤੇ ਇਹਨਾਂ ਦਾ ਅਸਰ ਹੁੰਦਾ ਹੈ: ਸਪਲਾਈ+-ਡਿਮਾਂਡ ਵਿੱਚ ਬਦਲਦੇ ਰਿਸ਼ਤੇ; ਸਰਕਾਰਾਂ ਦੇ ਵਪਾਰ, ਫਿਸਕਲ, ਆਰਥਿਕ, ਐਕਸਚੇਂਜ਼ ਕੰਟ੍ਰੋਲ ਪ੍ਰੋਗਰਾਮ; ਵਿਦੇਸ਼ੀ ਰਾਜਨੀਤਕ ਅਤੇ ਆਰਥਿਕ ਕਿੱਸੇ ਅਤੇ ਪਾਲਿਸੀਆਂ; ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵਿਆਜ਼ ਦਰ ਅਤੇ ਮੁਦਰਾ ਸਫੀਤੀ ਵਿੱਚ ਤਬਦੀਲੀਆਂ; ਮੁਦਰਾ ਦਾ ਮੁੱਲ ਘੱਟ ਜਾਣਾ; ਅਤੇ ਬਜਾਰ ਦਾ ਜਜ਼ਬਾ। ਇਹਨਾਂ ਵਿੱਚੋਂ ਕਿਸੇ ਵੀ ਕਾਰਕ ਦਾ ਨਿਯੰਤਰਣ ਕਿਸੇ ਨਿਜੀ ਸਲਾਹਕਾਰ ਵੱਲੋਂ ਨਹੀਂ ਹੋ ਸਕਦਾ ਅਤੇ ਕੋਈ ਭਰੋਸਾ ਨਹੀਂ ਦਿੱਤਾ ਜਾ ਸਕਦਾ ਕਿ ਭਾਗੀਦਾਰ ਗਾਹਕ ਲਈ ਵਪਾਰ ਵਿੱਚ ਨਫਾ ਹੋਵੇਗਾ ਜਾਂ ਐਸੇ ਮਾਮਲਿਆਂ ਵਿੱਚ ਗਾਹਕ ਦਾ ਕੋਈ ਨੁਕਸਾਨ ਨਹੀਂ ਹੋਵੇਗਾ।

**2.3 ਵਿਕਲਪ ਧਾਰਕਾਂ ਦਾ ਜੋਖਮ:**

1. ਵਿਕਲਪ ਧਾਰਕ ਨੂੰ ਜੋਖਮ ਹੁੰਦਾ ਹੈ ਕਿ ਉਹ ਤੁਲਨਾਤਮਕ ਤੌਰ ਤੇ ਥੋੜੇ ਸਮੇਂ ਵਿੱਚ ਵਿਕਲਪ ਲਈ ਭਰੀ ਸਾਰੀ ਰਕਮ ਗੁਆ ਸਕਦਾ ਹੈ। ਇਹ ਜੋਖਮ ਵਿਕਲਪ ਦੇ ਵਿਅਰਥ ਜਾਇਦਾਦ ਵੱਜੋਂ ਉਸਦਾ ਸੰਕੇਤ ਦਿੰਦਾ ਹੈ ਜੋ ਉਸ ਦੇ ਖਤਮ ਹੋਣ ‘ਤੇ ਬੇਮਤਲਬ ਹੋ ਜਾਂਦਾ ਹੈ। ਉਹ ਵਿਕਲਪ ਧਾਰਕ ਜੋ ਨਾ ਸੈਕੇਂਡਰੀ ਮਾਰਕੀਟ ਵਿੱਚ ਆਪਣਾ ਵਿਕਲਪ ਵੇਚਦਾ ਹੈ ਨਾ ਹੀ ਉਸ ਦੀ ਐਕਸਪਾਇਰੀ ਤੋਂ ਪਹਿਲਾਂ ਉਸ ਤੇ ਅਮਲ ਕਰਦਾ ਹੈ, ਉਹ ਜ਼ਰੂਰ ਹੀ ਵਿਕਲਪ ਵਿੱਚ ਸਾਰਾ ਨਿਵੇਸ਼ ਗੁਆ ਦਵੇਗਾ। ਵਿਕਲਪ ਦੀ ਸਮਾਪਤੀ ਤੋਂ ਪਹਿਲਾਂ ਜੇ ਮੰਚਾਹੀ ਦਿਸ਼ਾ ਵਿੱਚ ਬੁਨਿਆਦੀ ਮੁੱਲ ਨਹੀਂ ਬਦਲਦਾ ਹੈ, ਉਸ ਹੱਦ ਤੱਕ ਕਿ ਵਿਕਲਪ ਦਾ ਖਰਚ ਪੂਰਾ ਕਰ ਸਕੇ, ਤਾਂ ਨਿਵੇਸ਼ਕ ਵਿਕਲਪ ਵਿੱਚ ਆਪਣੇ ਨਿਵੇਸ਼ ਦਾ ਸਾਰਾ ਜਾਂ ਕਾਫੀ ਹਿੱਸਾ ਗੁਆ ਸਕਦਾ ਹੈ।

2. ਖਾਸ ਦੱਸੀਆਂ ਹਾਲਾਤਾਂ ਦੇ ਅੰਦਰ, ਐਕਸਚੇਂਜ ਕੁੱਝ ਸੀਮਾਵਾਂ ਪੇਸ਼ ਕਰ ਸਕਦਾ ਹੈ ਅਤੇ ਪੂਰਾ ਅਧਿਕਾਰ ਹੋਵੇਗਾ ਕਿ ਵਿਕਲਪਾਂ ਦੇ ਅਮਲ ‘ਤੇ ਸੀਮਾ ਪਵੇ।

**2.4 ਵਿਕਲਪ ਰਾਈਟਰ ਦੇ ਜੋਖਮ:**

1. ਜੇ ਬੁਨਿਆਦੀ ਮੁੱਲ ਦੀ ਗਤੀ ਮੰਚਾਹੀ ਦਿਸ਼ਾ ਵਿੱਚ ਨਹੀਂ ਹੈ, ਤਾਂ ਵਿਕਲਪ ਰਾਈਟਰ ਨੂੰ ਜੋਖਮ ਹੈ ਕਿ ਉਹ ਕਾਫੀ ਰਕਮ ਗੁਆ ਸਕਦਾ ਹੈ।

2. ਵਿਕਲਪ ਰਾਈਟਰ ਹੋਣ ਦੇ ਜੋਖਮ ਨੂੰ ਘਟਾਇਆ ਜਾ ਸਕਦਾ ਹੈ ਉਸਦੇ ਬੁਨਿਆਦੀ ਵਿਆਜ ‘ਤੇ ਦੂਸਰੇ ਵਿਕਲਪਾਂ ਦੀ ਖਰੀਦਾਰੀ ਦੁਆਰਾ ਅਤੇ ਇਸ ਤਰ੍ਹਾਂ ਫੈਲੀ (ਸਪ੍ਰੈਡ) ਪੋਜ਼ੀਸ਼ਨ ਪਾਉਣੀ ਜਾਂ ਵਿਕਲਪ ਮਾਰਕੀਟ ਜਾਂ ਹੋਰ ਮਾਰਕੀਟ ਵਿੱਚ ਹੋਰ ਕਿਸੇ ਪ੍ਰਕਾਰ ਦੇ ਬਚਾਅ ਵਾਲੇ ਪੋਜ਼ੀਸ਼ਨ ਦੀ ਪ੍ਰਾਪਤੀ ਦੁਆਰਾ। ਪਰ, ਭਾਵੇਂ ਰਾਈਟਰ ਨੇ ਸਪ੍ਰੈਡ ਜਾਂ ਹੋਰ ਬਚਾਅ ਵਾਲੇ ਪੋਜ਼ੀਸ਼ਨ ਦੀ ਪ੍ਰਾਪਤੀ ਕੀਤੀ ਹੋਵੇ, ਜੋਖਮ ਫੇਰ ਵੀ ਕਾਫੀ ਹੋ ਸਕਦਾ ਹੈ। ਜ਼ਰੂਰੀ ਨਹੀਂ ਕਿ ਸਪ੍ਰੈਡ ਪੋਜ਼ੀਸ਼ਨ ਸਰਲ ‘ਲੰਬੀ’ ਜਾਂ ‘ਛੋਟੀ’ ਪੋਜ਼ੀਸ਼ਨ ਤੋਂ ਘੱਟ ਜੋਖਮ ਵਾਲੀ ਹੋਵੇ।

3. ਉਹ ਲੈਣ-ਦੇਣ ਜਿਸ ਵਿੱਚ ਸਮੇਲ ਅੰਦਰ ਅਨੇਕ ਵਿਕਲਪਾਂ ਦੀ ਖਰੀਦੀ ਅਤੇ ਰਾਈਟਿੰਗ ਜਾਂ ਖਰੀਦੀ ਜਾਂ ਰਾਈਟਿੰਗ ਵਿਕਲਪ ਬੁਨਿਆਦੀ ਵਿਆਜ ਦੀ ਖਰੀਦੀ ਅਤੇ ਵਿਕਰੀ ਦੇ ਸਮੇਲ ਵਿੱਚ ਸ਼ਾਮਲ ਹੈ, ਇਹ ਨਿਵੇਸ਼ਕਾਂ ਨੂੰ ਵਧੇਰੇ ਜੋਖਮ ਪ੍ਰਦਾਨ ਕਰਦੇ ਹਨ। ਸਮੇਲ ਵਾਲੇ ਲੈਣ-ਦੇਣ, ਜਿਵੇਂ ਕਿ ਵਿਕਲਪ ਸਪ੍ਰੈਡ, ਇੱਕ ਇਕੱਲੇ ਵਿਕਲਪ ਦੀ ਖਰੀਦੀ ਜਾਂ ਰਾਈਟਿੰਗ ਨਾਲੋਂ ਜ਼ਿਆਦਾ ਜਟਿਲ ਹੈ। ਅਤੇ ਇਸ ਤੇ ਧਿਆਨ ਦੇਣਾ ਚਾਹੀਦਾ ਹੈ ਕਿ, ਜਿਵੇਂ ਨਿਵੇਸ਼ ਦੇ ਹਰ ਖੇਤਰ ਵਿੱਚ ਹੁੰਦਾ ਹੈ, ਚੰਗੀ ਤਰ੍ਹਾਂ ਨਾ ਸਮਝੀ ਹੋਈ ਜਟਿਲਤਾ ਆਪ ਹੀ ਇੱਕ ਜੋਖਮ ਕਾਰਕ ਹੈ। ਜਦਕਿ ਇੱਥੇ ਕੋਈ ਇਸ਼ਾਰਾ ਨਹੀਂ ਹੈ ਕਿ ਸਮੇਲ ਨੀਤੀਆਂ ਦਾ ਵਿਚਾਰ ਨਾ ਕੀਤਾ ਜਾਵੇ, ਇਹ ਸਲਾਹ ਦਿੱਤੀ ਜਾਂਦੀ ਹੈ, ਜਿਵੇਂ ਕਿ ਵਿਕਲਪਾਂ ਵਿੱਚ ਸਾਰੇ ਨਿਵੇਸ਼ਾਂ ਨਾਲ ਹੁੰਦਾ ਹੈ, ਕਿ ਵੱਖ ਮਾਰਕੀਟ ਹਾਲਾਤਾਂ ਅੰਦਰ ਸਮੇਲ ਵਲੇ ਲੈਣ-ਦੇਣ ਦੇ ਜੋਖਮ ਅਤੇ ਸੰਭਾਵੀ ਲਾਭਾਂ ਦੇ ਸੰਬੰਧ ਵਿੱਚ ਕਿਸੇ ਤਜਰਬੇਦਾਰ ਅਤੇ ਗਿਆਨਵਾਨ ਦੀ ਸਲਾਹ ਲਈ ਜਾਵੇ।

## 3. ਵਾਇਰਲੈਸ ਟੈਕਨੋਲਾੱਜੀ/ਸਮਾਰਟ ਆਰਡਰ ਰੂਟਿੰਗ ਜਾਂ ਹੋਰ ਕੋਈ ਟੈਕਨੋਲਾੱਜੀ ਰਾਹੀਂ ਵਪਾਰ ਕਰਨਾ:

ਵਾਇਰਲੈਸ ਟੈਕਨੋਲਾੱਜੀ/ਸਮਾਰਟ ਆਰਡਰ ਰੂਟਿੰਗ ਜਾਂ ਹੋਰ ਕੋਈ ਟੈਕਨੋਲਾੱਜੀ ਰਾਹੀਂ ਸਕਿਓਰਟੀਜ਼ ਵਪਾਰ ਨਾਲ ਸੰਬੰਧਿਤ ਗੁਣ, ਜੋਖਮ, ਜਿੰਮੇਵਾਰੀਆਂ, ਬੰਦਸ਼ ਅਤੇ ਦੇਣਦਾਰੀਆਂ ਦੀ ਪਰਿਭਾਸ਼ਾ ਕਰਕੇ ਕੋਈ ਵੀ ਪ੍ਰਯੋਜਨ ਸਟਾੱਕ ਬ੍ਰੋਕਰ ਦੁਆਰਾ ਗਾਹਕ ਦੇ ਧਿਆਨ ਵਿੱਚ ਲਿਆਇਆ ਜਾਵੇ।

**4. ਆਮ**

**4.1** ਲਫਜ਼ 'ਕੌਨਸਟੀਟੂਏਂਟ' (ਸੰਘਟਕ) ਦਾ ਮਤਲਬ ਅਤੇ ਇਸ ਵਿੱਚ ਸ਼ਾਮਲ ਇੱਕ ਗਾਹਕ ਜਾਂ ਨਿਵੇਸ਼ਕ ਜੋ ਕਿ ਐਕਸਚੇਂਜ ਦੁਆਰਾ ਪ੍ਰਦਾਨ ਢਾਂਚੇ ਰਾਹੀਂ ਸਕਿਓਰਟੀਜ਼/ਡੈਰੀਵੇਟਿਵਸ ਕੌਨਟ੍ਰੈਕਟਸ ਦੀ ਪ੍ਰਾਪਤੀ ਅਤੇ/ਜਾਂ ਵੇਚਣ ਦੇ ਮਕਸਦ ਲਈ ਸਟਾੱਕ ਬ੍ਰੋਕਰ ਦੇ ਨਾਲ ਕੰਮ ਕਰਦਾ ਹੈ।

**4.2** ਲਫਜ਼ 'ਸਟਾੱਕ ਬ੍ਰੋਕਰ' (ਸੰਘਟਕ) ਦਾ ਮਤਲਬ ਅਤੇ ਇਸ ਵਿੱਚ ਸ਼ਾਮਲ ਇੱਕ ਸਟਾੱਕ ਬ੍ਰੋਕਰ, ਬ੍ਰੋਕਰ ਜਾਂ ਸਬ-ਬ੍ਰੋਕਰ ਜਿਸ ਨੂੰ ਇਸ ਤਰ੍ਹਾਂ ਐਕਸਚੇਂਜ ਵੱਲੋਂ ਦਾਖਲਾ ਮਿਲਿਆ ਹੈ ਅਤੇ ਜੋ SEBI ਵੱਲੋਂ ਰਜਿਸਟ੍ਰੇਸ਼ਨ ਸਰਟੀਫਿਕੇਟ ਰੱਖਦਾ ਹੈ।

## ਅਨੁਲਗ - 6

## ਨਿਰਦੇਸ਼ਕ ਨੋਟ - ਨਿਵੇਸ਼ਕਾਂ ਲਈ ਐਕਸਚੇਂਜ(ਜਾਂ) ‘ਤੇ ਵਪਾਰ ਕਰਨ ਲਈ ਕੀ ਕਰਨਾ ਹੈ ਅਤੇ ਕੀ ਨਹੀਂ

**ਇਸ ਤੋਂ ਪਹਿਲਾਂ ਕਿ ਤੁਸੀਂ ਵਪਾਰ ਸ਼ੁਰੂ ਕਰੋ:**

1. ਪੱਕਾ ਕਰੋ ਕਿ ਤੁਸੀਂ ਕੇਵਲ SEBI ਰਜਿਸਟਰਦ ਵਿਚੋਲਿਆਂ ਦੇ ਨਾਲ ਅਤੇ ਰਾਹੀਂ ਹੀ ਕੰਮ ਕਰੋ। ਤੁਸੀਂ ਸਟਾੱਕ ਐਸਕਚੇਂਜ ਦੀ ਵੈਬਸਾਈਟ www.exchange.com ਅਤੇ SEBI ਦੀ ਵੈਬਸਾਈਟ www.sebi.gov.in `ਤੇ ਉਪਲਬਧ ਸੂਚੀ ਤੋਂ ਉਹਨਾਂ ਦਾ SEBI ਰਜਿਸਟ੍ਰੇਸ਼ਨ ਸਰਟੀਫਿਕੇਟ ਨੰਬਰ ਚੈਕ ਕਰ ਸਕਦੇ ਹੋ।
2. ਯਕੀਨੀ ਕਰੋ ਕਿ ਤੁਸੀਂ KYC ਫਾਰਮ ਨੂੰ ਪੂਰਾ ਭਰੋ ਅਤੇ KYC ਫਾਰਮ ਵਿੱਚ ਖਾਲੀ ਥਾਵਾਂ ਤੇ ਨਿਸ਼ਾਨ ਲਗਾਓ।
3. ਯਕੀਨੀ ਕਰੋ ਕਿ ਤੁਸੀਂ ਸਾਰੇ ਜ਼ਰੂਰੀ ਦਸਤਾਵੇਜ਼ ਪੜ੍ਹ ਲਏ ਹਨ, ਜਿਵੇਂ ਅਧਿਕਾਰ ਅਤੇ ਜਿੰਮੇਵਾਰੀਆਂ, ਰਿਸਕ ਡਿਸਕਲੋਜ਼ਰ ਦਸਤਾਵੇਜ਼, ਸਟਾੱਕ ਬ੍ਰੋਕਰ ਦਾ ਪਾਲਿਸੀ ਅਤੇ ਪ੍ਰਕਿਰਿਆ ਦਸਤਾਵੇਜ਼।
4. ਤੁਹਾਡੇ ਅਤੇ ਸਟਾੱਕ ਬ੍ਰੋਕਰ ਵਿਚਕਾਰ ਸਵੀਕਾਰੇ ਕੋਈ ਵੀ ਸੈਵ-ਇੱਛਕ ਉਪਵਾਰ ਹੋਣ ਜੇ ਹੋਣ ਤਾਂ ਉਹਨਾਂ ਨੂੰ ਧਿਆਨ ਨਾਲ ਪੜਣਾ, ਸਮਝਣਾ ਅਤੇ ਫੇਰ ਦਸਤਖਤ ਕਰਨਾ ਯਕੀਨੀ ਕਰੋ। ਧਿਆਨ ਰੱਖੋ ਕਿ ਤੁਹਾਡੇ ਅਤੇ ਸਟਾੱਕ ਬ੍ਰੋਕਰ ਵਿਚਕਾਰ ਸਵੀਕਾਰੇ ਉਪਵਾਕ ਤੁਹਾਡੀ ਸਹਿਮਤੀ ਦੇ ਬਿਨ੍ਹਾਂ ਬਦਲੀ ਨਹੀਂ ਕੀਤੇ ਜਾ ਸਕਦੇ।
5. ਵਪਾਰ ਕਰਨ ਲਈ ਬ੍ਰੋਕਰ ਨੇ ਤੁਹਾਡੇ ਕੋਲੋਂ ਕੀ ਬ੍ਰੋਕਰੇਜ, ਕਮੀਸ਼ਨ, ਫੀਸ ਅਤੇ ਹੋਰ ਚਾਰਜ ਲਏ ਹਨ ਅਤੇ SEBI / ਸਟਾੱਕ ਐਕਸਚੇਂਜ ਦੁਆਰਾ ਨਿਰਦੇਸ਼ਿਤ ਢੁੱਕਵੇਂ ਪ੍ਰਯੋਜਨ/ਸੇਧਾਂ ਬਾਰੇ ਸਪਸ਼ਟ ਤੌਰ ਤੇ ਜਾਣੋ।
6. ਤੁਹਾਡੇ ਦੁਆਰਾ ਅਮਲ ਸਾਰੇ ਦਸਤਾਵੇਜ਼ਾਂ ਦਾ ਉਤਾਰਾ ਸਟਾੱਕ ਬ੍ਰੋਕਰ ਤੋਂ ਮੁਫਤ ਪ੍ਰਾਪਤ ਕਰੋ।
7. ਜੇ ਤੁਸੀਂ ਸਟਾੱਕ ਬ੍ਰੋਕਰ ਦੇ ਪੱਖ ਵਿੱਚ, ਉਸ ਨੂੰ ਆਪਣਾ ਬੈਂਕ ਅਤੇ ਡੀਮੈਟ ਖਾਰਾ ਚਲਾਉਣ ਹਿਤ, ਪਾਵਰ ਆਫ ਐਟੋਰਨੀ (POA) ਕਰਨਾ ਚਾਹੁੰਦੇ ਹੋ, ਤਾਂ ਇਸ ਮਾਮਲੇ ਵਿੱਚ SEBI/ਐਕਸਚੇਂਜਸ ਦੁਆਰਾ ਜਾਰੀ ਸੇਧਾਂ ਵੇਖੋ।

**ਲੈਣ-ਦੇਣ ਅਤੇ ਨਿਪਟਾਰਾ**

8. ਜੇ ਤੁਹਾਡੇ ਵਲੋਂ ਲਿਖਤੀ ਰੂਪ ਵਿੱਚ ਖਾਸ ਅਧਿਕਰਨ ਹੋਇਆ ਹੈ ਤਾਂ ਸਟਾੱਕ ਬ੍ਰੋਕਰ ਇਲੈਕਟ੍ਰਾਨਿਕ ਕੋਨਟ੍ਰੈਲਟ ਨੋਟ (ECN) ਪੇਸ਼ ਕਰ ਸਕਦਾ ਹੈ। ਤੁਸੀਂ ਇਸ ਵਾਸਤੇ ਸਟਾੱਕ ਬ੍ਰੋਕਰ ਨੂੰ ਆਪਣਾ ਈ-ਮੇਲ ਆਈਡੀ ਦੇ ਸਰਦੇ ਹੋ। ਜੇ ਤਸੀਂ ਕੰਪਿਯੂਟਰਸ ਤੋਂ ਜਾਣੂ ਨਹੀਂ ਹੋ ਤਾਂ ECN ਦੀ ਚੋਦ ਨਾ ਕਰੋ।
9. ਕਿਸੇ ਨਾਲ ਵੀ ਆਪਣਾ ਇੰਟਰਨੈਟ ਵਪਾਰ ਖਾਤਾ ਪਾਸਵਰਡ ਸਾਂਝਾ ਨਾ ਕਰੋ।
10. ਸਟਾੱਕ ਬ੍ਰੋਕਰ ਨੂੰ ਕੋਈ ਵੀ ਭੁਗਤਾਨ ਨਕਦ ਵਿੱਚ ਨਾ ਕਰੋ।
11. ਸਾਰੇ ਭੁਗਤਾਨ ਸਟਾੱਕ ਬ੍ਰੋਕਰ ਦੇ ਹੱਕ ਵਿੱਚ ਅਕਾਉਂਟ ਪੇਈ ਚੈਕ ਦੁਆਰਾ ਕਰੋ। ਸਬ-ਬ੍ਰੋਕਰ ਦੇ ਨਾਮ ‘ਤੇ ਚੈਕ ਨਾ ਦਿਓ। ਯਕੀਨੀ ਕਰੋ ਕਿ ਸਟਾੱਕ ਬ੍ਰੋਕਰ ਦੇ ਨਾਲ ਤੁਹਾਡੇ ਕੋਲ ਤੁਹਾਡੇ ਭੁਗਤਾਨ/ਸਕਿਓਰਟੀਜ਼ ਵਿੱਚ ਦਸਤਾਵੇਜ਼ੀ ਸਬੂਤ ਜਮ੍ਹਾਂ ਹੈ, ਜਿਸ ਵਿੱਚ ਸ਼ਾਮਲ ਹਨ ਤਾਰੀਖ, ਸਕ੍ਰਿਪਟ, ਮਾਤ੍ਰਾ, ਐਸੀ ਰਕਮ ਜਾਂ ਸਕਿਓਰਟੀਜ਼ ਜੋ ਕਿਸੇ ਬੈਂਕ/ਡੀਮੈਟ ਖਾਤੇ ਵਿੱਚ ਜਮ੍ਹਾ ਹੋਈ ਹੈ ਅਤੇ ਕਿਹੜੇ ਬੈਂਕ/ਡੀਮੈਂਅ ਖਾਤੇ ਤੋਂ ਜਮ੍ਹਾਂ ਹੈ।
12. ਧਿਆਨ ਦਿਓ ਕਿ ਸਟਾੱਕ ਐਕਸਚੇਂਜ ਦੀ ਵੈਬਸਾਈਟਾਂ ‘ਤੇ ਵਪਾਰ ਪੁਸ਼ਟੀ ਦੀ ਸਹੂਲਤ ਉਪਲਬਧ ਹੈ, ਜਿੱਥੇ ਕੌਨਟ੍ਰੈਕਟ ਵਿੱਚ ਦੱਸੇ ਮੁਤਾਬਕ ਵਪਾਰ ਦੇ ਵੇਰਵੇ ਦੀ ਪੁਸ਼ਟੀ ਹੋ ਸਕਦੀ ਹੈ। ਜਿੱਥੇ ਵੈਬਸਾਈਟ ਉਪਰ ਵੇਰਵਾ ਕੌਨਟ੍ਰੈਕਟ ਵਿੱਚ ਦੱਸੇ ਮੁਤਾਬਕ ਵਪਾਰ ਦੇ ਵੇਰਵੇ ਨਾਲ ਮੇਲ ਨਹੀ ਖਾਂਦਾ ਤਾਂ ਝੱਟ ਨਿਵੇਸ਼ ਰੋਸ ਸੈੱਲ ਜਾਂ ਢੁੱਕਵੇਂ ਸਟਾੱਕ ਐਕਸਚੇਂਜ ਨਾਲ ਸੰਪਰਕ ਕਰੋ।
13. ਜੇਕਰ ਤੁਸੀਂ ਚਾਲੂ ਖਾਤਾ ਬਣਾਈ ਰੱਖਣ ਲਈ ਖਾਸ ਅਧਿਕਾਰ ਦਿੱਤਾ ਹੈ, ਸਟਾੱਕ ਐਕਸਚੇਂਜ ਦੁਆਰਾ ਪੇਆਉਟ ਮਿਲਣ ਦੀ ਤਾਰੀਖ ਤੋਂ ਇੱਕ ਕਾਰਜੀ ਦਿਨ ਦੇ ਅੰਦਰ ਤੁਹਾਨੂੰ ਫੰਡਸ ਦਾ ਪੇਆਉਟ ਜਾਂ ਸਕਿਓਰਟੀਜ਼ ਦੀ ਡਲਿਵਰੀ (ਜੋ ਵੀ ਹੋਵੇ) ਸ਼ਾਇਦ ਨਾ ਹੋਵੇ। ਇਸ ਲਈ ਸਟਾੱਕ ਬ੍ਰੋਕਰ, ਹੇਠ ਲਿਖੀਆਂ ਸ਼ਰਤਾਂ ਦੇ ਅਧੀਨ, ਤੁਹਾਡੇ ਲਈ ਚਾਲੂ ਖਾਤਾ ਬਣਾਈ ਰੱਖੇਗਾ:
   - ਏ) ਤੁਹਾਡੇ ਵਲੋਂ ਐਸੇ ਅਧਿਕਾਰ ‘ਤੇ ਤੁਹਾਡੇ ਵਲੋਂ ਹੀ ਤਾਰੀਖ ਪਾਈ ਹੋਵੇ ਅਤੇ ਦਸਤਖਤ ਕੀਤੇ ਹੋਣ ਅਤੇ ਉਸ ਵਿੱਚ ਇਹ ਉਪਵਾਕ ਹੋਵੇ ਕੀ ਤੁਸੀਂ ਇਸ ਨੂੰ ਕਿਸੇ ਵੀ ਸਮੇਂ ਵਾਪਸ ਲੈ ਸਕਦੇ ਹੋ।
   - ਬੀ) ਤੁਹਾਡੀ ਪਸੰਦ ਮੁਤਾਬਕ, ਮਹਿਨੇ ਵਿੱਚ ਘੱਟ ਤੋਂ ਘੱਟ ਇੱਕ ਵਾਰ, ਫੰਡਸ ਅਤੇ ਸਕਿਓਰਟੀਜ਼ ਦਾ ਨਿਪਟਾਰਾ ਸਟਾੱਕ ਬ੍ਰੋਕਰ ਦੁਆਰਾ ਕੀਤਾ

ਜਾਵੇ। ਖਾਤੇ ਦਾ ਨਿਪਟਾਰਾ ਕਰਦਿਆਂ, ਸਟਾੱਕ ਬ੍ਰੋਕਰ ਤੁਹਾਨੂੰ 'ਖਾਤਿਆਂ ਦਾ ਸਟੈਟਮੇਂਟ' ਭੇਜੇਗਾ ਜਿਸ ਵਿਚ ਹੋਵੇਗਾ ਫੰਡਸ ਲਈ ਗਾਹਕ ਲੈਜਰ ਤੋਂ ਸੰਖੇਪ ਵੇਰਵਾ ਅਤੇ ਸਕਿਓਰਟੀਜ਼ ਦੇ ਰਜਿਸਟਰ ਤੋਂ ਸਾਰੀਆਂ ਰਸੀਦਾਂ/ਫੰਡਸ ਅਤੇ ਸਕਿਓਰਟੀਜ਼ ਦੀ ਡਲਿਵਰੀ ਵਿਖਾਉਂਦਾ ਸੰਖੇਪ ਵੇਰਵਾ। ਸਟੈਟਮੇਂਟ ਰੱਖੇ ਗਏ ਫੰਡਸ ਅਤੇ ਸਕਿਓਰਟੀਜ਼ ਅਤੇ ਗਿਰਵੀ ਸ਼ੇਅਰਸ ਦਾ ਵੇਰਵਾ, ਜੇ ਹੋਣ, ਉਹ ਵੀ ਸਮਝਾਵੇਗਾ।

ਸੀ) ਨਿਪਟਾਰੇ ਦੀ ਤਾਰੀਖ ਤੇ, ਸਟਾੱਕ ਬ੍ਰੋਕਰ ਦੀਆਂ ਬਕਾਇਆ ਜਿੰਮੇਵਾਰੀਆਂ ਪ੍ਰਤੀ ਲੋੜੀਂਦਾ ਸਕਿਓਰਟੀਜ਼/ਫੰਡਸ ਰੱਖ ਸਕਦਾ ਹੈ ਅਤੇ ਐਸੇ ਫੰਡਸ ਵੀ ਰੱਖ ਸਕਦਾ ਹੈ ਜਿਸ ਦੀ ਅਗਲੇ ਵਪਾਰ ਵਾਲੇ ਦਿਨਾਂ ਲਈ ਡੈਰੀਵੇਟਿਵਸ ਮਾਰਜਿਨ ਜਿੰਮੇਵਾਰੀਆਂ ਦੀ ਪੂਰਤੀ ਲਈ ਸੰਭਾਵੀ ਲੋੜ ਹੋ ਸਕਦੀ ਹੈ, ਜਿਸ ਦਾ ਹਿਸਾਬ ਐਕਸਚੇਂਜ ਦੁਆਰਾ ਨਿਰਦੇਸ਼ਿਤ ਢੰਗ ਨਾਲ ਹੋਇਆ ਹੈ। ਨਕਦ ਮਾਰਕਿਟ ਲੈਣ-ਦੇਣ ਦੇ ਮਾਮਲੇ ਵਿੱਚ, ਨਿਪਟਾਰੇ ਦੀ ਤਾਰੀਖ 'ਗਾਹਕਾਂ ਵਲੋਂ ਦੇਣਯੋਗ ਫੰਡਸ ਅਤੇ ਸਕਿਓਰਟੀਜ਼ ਦੀ ਸਾਰੀ ਪੇ-ਇਨ ਜਿੰਮੇਵਾਰੀ ਸਟਾੱਕ ਬ੍ਰੋਕਰ ਆਪਣੇ ਕੋਲ ਰੱਖ ਸਕਦਾ ਹੈ ਅਤੇ ਅਗਲੇ ਦਿਨ ਦੇ ਕਾਰੋਬਾਰ ਦੇ ਲਈ, ਉਹ ਫੰਡਸ/ਸਕਿਓਰਟੀਜ਼/ਮਾਰਜਿਨ ਰੱਖ ਸਕਦਾ ਹੈ ਉਸ ਹੱਦ ਤੱਕ ਜੋ ਨਕਦ ਮਾਰਕਿਟ ਵਿੱਚ ਐਸੇ ਨਿਪਟਾਰੇ ਦੀ ਤਾਰੀਖ 'ਤੇ ਅਮਲ ਲੈਣ-ਦੇਣ ਦੀ ਮੁੱਲ ਦਾ ਹੋਵੇ।

ਡੀ) ਅਜਿਹੇ ਖਾਤੇ ਦਾ ਸਟੇਟਮੇਂਟ ਜਾਂ ਨਿਪਟਾਰਾ ਤੋਂ ਕੋਈ ਵੀ ਵਿਵਾਦ ਨੂੰ ਤੁਸੀਂ ਫੰਡਸ/ਸਕਿਓਰਟੀਜ਼ ਜਾਂ ਸਟੇਟਮੈਂਟ, ਜੋ ਵੀ ਹੋਵੇ, ਦੇ ਮਿਲਣ ਦੀ ਤਾਰੀਖ ਦੇ 7 (ਸੱਤ) ਕਾਰਜੀ ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿੱਚ ਸਟਾੱਕ ਬ੍ਰੋਕਰ ਦੇ ਧਿਆਨ ਵਿੱਚ ਲਿਆਉਣਾ ਹੈ। ਵਿਵਾਦ ਦੇ ਮਾਮਲੇ ਵਿੱਚ, ਗੱਲ ਨੂੰ ਬਿਨ੍ਹਾਂ ਦੇਰੀ ਨਿਵੇਸ਼ਕ ਰੋਸ ਸੈੱਲ ਜਾਂ ਢੁੱਕਵੇ ਸਟਾੱਕ ਐਕਸਚੇਂਜ ਦੇ ਨਾਲ ਉਠਾਓ।

14. ਜੇ ਤੁਸੀਂ ਚਾਲੂ ਖਾਤਾ ਬਣਾਈ ਰੱਖਣ ਦੀ ਤੁਸੀਂ ਚੋਣ ਨਹੀਂ ਕੀਤੀ ਹੈ ਅਤੇ ਐਕਸਚੇਂਜ ਵਲੋਂ ਪੇਆਉਟ ਦੇ ਨਿਕਲਣ ਤੋਂ ਅਗਲੇ ਕਾਰਜੀ ਦਿਨ 'ਤੇ ਫੰਡਸ/ਸਕਿਓਰਟੀਜ਼ ਦਾ ਪੇਆਉਟ ਨਹੀਂ ਮਿਲਦਾ ਹੈ ਤਾਂ ਇਸ ਬਾਰੇ ਸਟਾੱਕ ਬ੍ਰੋਕਰ ਦੇ ਨਾਲ ਗੱਲ ਕਰੋ। ਜੇ ਕੋਈ ਵਿਵਾਦ ਹੈ ਤਾਂ ਯਕੀਨੀ ਕਰੋ ਕਿ ਨਿਵੇਸ਼ਕ ਰੋਸ ਸੈੱਲ ਜਾਂ ਢੁੱਕਵੇ ਸਟਾੱਕ ਐਕਸਚੇਂਜ ਦੇ ਕੋਲ ਤੁਸੀਂ ਸ਼ਿਕਾਇਤ ਦਰਜ ਕਰੋ।

15. ਕਿਰਪਾ ਕਰਕੇ ਸਟਾੱਕ ਬ੍ਰੋਕਰ ਦੇ ਨਾਲ ਆਪਣਾ ਮੋਬਾਇਲ ਨੰਬਰ ਅਤੇ ਈਮੇਲ ਆਈਡੀ ਰਜਿਸਟਰ ਕਰੋ ਤਾਂ ਕਿ ਤੁਹਾਨੂੰ ਸਟਾੱਕ ਐਕਸਚੇਂਜ ਤੋਂ ਵਪਾਰ ਦੇ ਦਿਨ ਦੀ ਸਮਾਪਤੀ 'ਤੇ, SMS ਜਾਂ ਈਮੇਲ ਰਾਹੀਂ ਵਪਾਰ ਪੁਸ਼ਟੀ ਐਲਰਟ/ਵੇਰਵਾ ਮਿਲਦਾ ਰਹੇ

**ਵਪਾਰਕ ਮੈਂਬਰਸ਼ਿਪ ਖਤਮ ਹੋਣ 'ਤੇ**

16. ਜੇਕਰ, ਸਟਾੱਕ ਮੈਂਬਰ ਆਪਣੀ ਮੈਂਬਰਸ਼ਿਪ ਦਾ ਤਿਆਗ ਕਰਦਾ ਹੈ, ਮੈਂਬਰਸ਼ਿਪ ਤੋਂ ਕੱਢਿਆ ਜਾਂਦਾ ਹੈ ਜਾਂ ਿਡਿਫਾੱਲਟ ਘੋਸ਼ਿਤ ਕੀਤਾ ਜਾਂਦਾ ਹੈ; ਸਟਾੱਕ ਐਕਸਚੇਂਜ ਪਬਲਿਕ ਨੋਟਿਸ ਦਿੰਦੇ ਹਨ ਜਿੱਥੇ ਉਹ ਕੇਵਲ ਸਟਾੱਕ ਐਕਸਚੇਂਜ ਦੇ 'ਵਪਾਰ ਸਿਸਟਮ 'ਤੇ ਕੀਤੇ ਲੈਣ-ਦੇਣ' ਸੰਬੰਧਿਤ ਦਾਅਵਿਆਂ ਦਾ ਸੱਦਾ ਦਿੰਦੇ ਹਨ। ਯਕੀਨੀ ਕਰੋ ਕਿ ਤੁਸੀਂ ਸਹਾਇਕ ਦਸਤਾਵੇਜ਼ਾਂ ਸਮੇਤ ਦਿੱਤੇ ਸਮੇਂ ਅੰਦਰ ਢੁੱਕਵੇਂ ਸਟਾੱਕ ਐਕਸਚੇਂਜ ਨਾਲ ਦਾਅਵਾ ਦਰਜ ਕਰੋ।

17. ਤੁਸੀਂ ਜੋ ਆਪਣੇ ਸਟਾੱਕ ਬ੍ਰੋਕਰ ਦੇ ਨਾਲ ਪੈਸਾ ਅਤੇ/ਜਾਂ ਸਕਿਓਰਟੀਜ਼ ਜਮ੍ਹਾ ਕਰਵਾਉਂਦੇ ਹੋ ਉਸ ਨੂੰ ਦਿੱਤੀ ਸੁਰੱਖਿਆ ਨਾਲ ਤੁਸੀਂ ਜਾਣੂ ਹੋਵੋ, ਖਾਸ ਕਰਕੇ ਉਸ ਮਾਮਲੇ ਵਿੱਚ ਜਦੋਂ ਡਿਫਾੱਲਟ ਹੁੰਦਾ ਹੈ ਜਾਂ ਸਟਾੱਕ ਬ੍ਰੋਕਰ ਸੱਖਣਾ ਜਾਂ ਦਿਵਾਲੀਆ ਹੋ ਜਾਂਦਾ ਹੈ ਅਤੇ ਕਿਸ ਹੱਦ ਤੱਕ ਤੁਸੀਂ ਐਸਾ ਪੈਸਾ ਅਤੇ/ਜਾਂ ਸਕਿਓਰਟੀਜ਼ ਦੀ ਵਸੂਲੀ ਕਰ ਸਕਦੇ ਹੋ ਇਹ ਜਿੱਥੇ ਵਪਾਰ ਹੋਇਆ ਹੈ ਉਸ ਢੁੱਕਵੇਂ ਸਟਾੱਕ ਐਕਸਚੇਂਜ ਦੇ ਉਪ-ਨਿਯਮ ਅਤੇ ਵਿਧਾਨ ਅਤੇ ਸਮੇਂ ਸਮੇਂ ਤੇ ਲਾਗੂ ਨਿਵੇਸ਼ਕ ਸੁਰੱਖਿਆ ਫੰਡ ਦੀ ਯੋਜਨਾ ਦੁਆਰਾ ਨਿਰਦੇਸ਼ਿਤ ਹੋ ਸਕਦਾ ਹੈ।

**ਵਿਵਾਦ/ਸ਼ਿਕਾਇਤਾਂ:**

18. ਕਿਰਪਾ ਕਰ ਕੇ ਧਿਆਨ ਦਿਓ ਕਿ ਸਾਲਸੀ ਕਾਰਵਾਈਆਂ, ਬ੍ਰੋਕਰਾਂ ਦੇ ਖਿਲਾਫ ਦੰਡਾਤਮਕ ਕਿਰਿਆ ਅਤੇ ਸਟਾੱਕ ਬ੍ਰੋਕਰਾਂ ਦੇ ਖਿਲਾਫ ਨਿਵੇਸ਼ਕਾਂ ਦੀਆਂ ਸ਼ਿਕਾਇਤਾਂ ਢੁੱਕਵੀਂ ਸਟਾੱਕ ਐਕਸਚੇਂਜ ਦੇ ਵੈਬਸਾਈਟ 'ਤੇ ਵਿਖਾਈਆਂ ਹਨ।

19. ਜੇ ਸੰਬੰਧਿਤ ਸਟਾੱਕ ਬ੍ਰੋਕਰ/ਸਬ-ਬ੍ਰੋਕਰ ਦੁਆਰਾ ਤੁਹਾਡੀ ਸਮੱਸਿਆ/ਤਕਲੀਫ/ਰੋਸ ਦਾ ਸਮਾਧਾਨ ਨਹੀਂ ਕੀਤਾ ਜਾਂਦਾ ਹੈ ਤਾਂ ਸੰਬੰਧਿਤ ਸਟਾੱਕ ਐਕਸਚੇਂਜ ਦੇ ਨਾਲ ਗੱਲ ਕਰ ਸਕਦੇ ਹੋ। ਜੇ ਤੁਸੀਂ ਤੁਹਾਡੀ ਸ਼ਿਕਾਇਤ ਦੇ ਸਮਾਧਾਨ ਦੇ ਨਾਲ ਸੰਤੁਸ਼ਟ ਨਹੀਂ ਹੋ ਤਾਂ ਤੁਸੀਂ ਮਾਮਲੇ ਨੂੰ ਤੇਜੀ ਦੇਣ ਲਈ SEBI ਕੋਲ ਲਿਜਾ ਸਕਦੇ ਹੋ।

20. ਧਿਆਨ ਦਿਓ ਕਿ ਸਾਰੇ ਸਟਾੱਕ ਬ੍ਰੋਕਰ/ਸਬ-ਬ੍ਰੋਕਰਾਂ ਨੂੰ SEBI ਵਲੋਂ ਸ਼ਿਕਾਇਤਾਂ ਖਾਸ ਕਰਨ ਲਈ ਲਾਜ਼ਮੀ ਕੀਤਾ ਗਿਆ ਹੈ ਕਿ ਰੋਸ ਸੁਧਾਰ ਵਿਭਾਗ/ਕਮਪਲਾ ਇੰਸ ਅਫਸਰ ਦੀ ਈਮੇਲ ID ਨਿਰਧਾਰਤ ਕੀਤੀ ਜਾਵੇ।